# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਫਤਹਗੜ੍ਹ ਸਾਹਿਬ, ਸਰਹੰਦ

DEC 1980

ਦਸੰਬਰ ੧੯੮੦



ਜਿਥੇ ਕਲਗੀਧਰ ਜੀ ਦ ਛਟੇ ਸਾਹਿਬਜ਼ਾਦੇ ਕੰਧ ਵਿਚ ਚੁਣੇ ਗਏ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਪਰਮੇਸਰੁ ਪਾਰਬ੍ਰਹਮ ਬੇਅੰਤੁ | ਰਾਮਕਲੀ ਮਹਲਾ ੫ | ੩ |
| ਸਚਖੰਡ ਦਾ ਨਜ਼ਾਰਾ ਮਾਤ ਲੋਕ ਵਿਚ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| ਖਾਲਸਾ ਜੀ ਦੇ ਬੋਲ-ਬਾਲੇ ਅਤੇ ਸਾਡੇ ਕਰਤੱਵ | — — — | ੯ |
| ਬਿਨੁ ਸਤਿਗੁਰ ਭੇਟ ਸਭ ਫਿਰੈ ਅਹੰਕਾਰੀ | ਮਾਸਟਰ ਜੁਗਿੰਦਰ ਸਿੰਘ ਜੀ ਬਡ਼ੂੰਦੀ | ੧੧ |
| ਸਿਦਕ ਦੇ ਬੇੜੇ ਪਾਰ | ਸ: ਸਰੂਪ ਸਿੰਘ ਜੀ ਅਲਗ | ੧੫ |
| ਪੂਰੇ ਗੁਰ ਕੀ ਦੇਖੁ ਵਡਾਈ | ਸੂਬੇਦਾਰ ਪ੍ਰੀਤਮ ਸਿੰਘ ਜੀ | ੧੭ |
| ਮਨੁਖਾ ਦੇਹੀ | ਭਾ: ਸਾ: ਜੋਗਿੰਦਰ ਸਿੰਘ ਜੀ ਤਲਵਾੜਾ | ੧੯ |
| ਭਾਈ ਸਾਹਿਬ ਰਣਧੀਰ ਸਿੰਘ ਜੀ | ਪ੍ਰ: ਜੋਗਿੰਦਰ ਸਿੰਘ ਜੀ | ੨੨ |
| ਅਬਦਾਲੀ ਸਿਖ ਤੇ ਵੱਡਾ ਘਲੂਘਾਰਾ | ਕੈਪਟਿਨ ਸਵਰਨ ਸਿੰਘ ਜੀ | ੨੩ |
| ਜਗ ਤ ਕਰਨ ਉਪਕਾਰ ਆਇਆ (ਕਵਿਤਾ) | ਸ: ਜੈਮਲ ਸਿੰਘ ਜੀ ਹਮਦਰਦ | ੩੨ |
| ਅਵਤਾਰ ਧਾਰਿਆ ਜਗ ਤਰਾਵਣੇ ਨੂੰ (ਕਵਿਤਾ) | ਗਿ: ਚਮਕੌਰ ਸਿੰਘ ਜੀ | ੩੨ |
| ਜਿਤੁ ਪੈਧੈ ਤਨੁ ਪੀੜੀਐ | ਸ: ਜਸਵੰਤ ਸਿੰਘ ਜੀ | ੩੩ |
| ਜੋਤਿ ਓਹਾ ਜੁਗਤਿ ਸਾਇ | ਗਿ: ਗੋਪਾਲ ਸਿੰਘ ਜੀ ਮਿਤਰ | ੩੯ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ਮਿਲੀ ੧੦ ਦਸੰਬਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੋਤੀ ਜੋਤਿ ੧੨ ਦਸੰਬਰ

ਸੋਧ ਲਵੋ–ਪੰਨਾ ੧੬ ਸਤਰ ੨੫– 'ਦਿਲ ਕੁਝ ਵਿਚ' ਦੀ ਥਾਂ 'ਦਿਲ ਵਿਚ ਕਝ' ਪੜ੍ਹੋ।
ਪੰਨਾ ੨੯ ਹੇਠੋਂ ਦੂਜੀ ਸਤਰ– 'ਸਦਕੇ ਹਨ' ਦੀ ਥਾਂ 'ਸਕਦੇ ਹਾਂ' ਪੜ੍ਹੋ।

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਅਮਰ ਸਿੰਘ ਪਾਲ ਜਬਲਪੁਰ ... ... | ਧਰਮਪਤਨੀ ਦੀ ਸਾਲਾਨਾ ਯਾਦ ਵਿਚ | 11-00 |
| ਡਾ: ਹਰਚਰਨ ਸਿੰਘ ਅੰਮ੍ਰਿਤਸਰ ... ... | ਬੱਚੀ ਦੇ ਅਨੰਦ ਸਮਾਗਮ ਸਮੇਂ ਚੜ੍ਹਾਵਾ | 132-00 |
| Sgt. ਤੇਜਿੰਦਰ ਸਿੰਘ ਹੈਦਰਾਬਾਦ ... ... | ... ... ... | 21-00 |
| ਬੀਬੀ ਕਰਤਾਰ ਕੌਰ ਅੰਮ੍ਰਿਤਸਰ ... ... | ਚੜ੍ਹਾਵਾ ਅਖੰਡਪਾਠ ਸਮਾਗਮ ਸਮੇਂ | 57-00 |
| ਸ: ਕੁਲਜੀਤ ਸਿੰਘ ਕਾਨਪੁਰ ... | ... ... ... | 200-00 |
| ਭਾ: ਪ੍ਰੀਤਮ ਸਿੰਘ ਪੰਡੋਰੀ ... ... | ਮਾਤਾ ਜੀ ਦੀ ਯਾਦ ਵਿਚ | 21-00 |
| ਭਾ: ਜਗਜੀਤ ਸਿੰਘ ਦਸੂਹਾ ... ... | ਦੁਕਾਨ ਦੇ ਮਹੂਰਤ ਸਮੇਂ | 15-00 |
| ਭਾ: ਪ੍ਰੀਤਮ ਸਿੰਘ ਦਸੂਹਾ ... | ਬਚੀ ਮਨਜੀਤ ਕੌਰ ਦੇ ਅਨੰਦ ਦੀ ਖੁਸ਼ੀ ਵਿਚ | 11-00 |
| ਸ: ਕਰਮ ਸਿੰਘ ਦਸੂਹਾ ... | ... ... ... | 11-00 |
| ਸ: ਮਨਮੋਹਨ ਸਿੰਘ ਬਲ ਬਟਾਲਾ ... ... | ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ | 10-00 |
| Capt. ਜੁਗਿੰਦਰ ਸਿੰਘ ਦੇ ਪ੍ਰੀਵਾਰ ਵਲੋਂ ਉਨ੍ਹਾਂ ਦੀ ਯਾਦ ਵਿਚ | .. ... | 50-00 |

ਸਤਿਗੁਰੂ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚਰਨਾਂ ਦੀ ਪ੍ਰੀਤ ਬਖਸ਼ਣ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ ਕੂਚਾ ਚਤਰ ਸਿੰਘ, ਅੰਮ੍ਰਿਤਸਰ, ਤੋਂ ੨. ੧੨. ੯੦ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਲਾਨਾ ਚੰਦਾ ੧੦ ੦੦
ਇਕ ਪਰਚਾ ੧ ੦੦

ਪਰਦੇਸ
ਸਮੁੰਦਰੀ ਡਾਕ ੧੮-੫੦

ਹਵਾਈ ਡਾਕ
ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦

ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੪ | ਦਸੰਬਰ ੧੯੮੦ | ਅੰਕ ੧੨

## ਪਰਮੇਸਰੁ ਪਾਰਬ੍ਰਹਮ ਬੇਅੰਤੁ

ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤ ॥੧॥
ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨਹਿ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥੨॥
ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥
ਇਕਿ ਭਰਮੇ ਇਕਿ ਭਗਤੀ ਲਾਇ ॥ ਅਪਣਾ ਕੀਆ ਆਪਿ ਜਣਾਇ ॥੩॥
ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥
ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥ ਨਾਨਕ ਕਾ ਪ੍ਰਭੁ ਆਪੇ ਆਪਿ ॥੪॥੨੫॥੩੬॥

[ਰਾਮਕਲੀ ਮਹਲਾ ੫, ਪੰਨਾ ੮੯੪



www.AKJ.Org

# ਸਚਖੰਡ ਦਾ ਨਜ਼ਾਰਾ ਮਾਤ ਲੋਕ ਵਿਚ

ਸਚ ਖੰਡ ਦਾ ਨਜ਼ਾਰਾ ਗੁਰੂ ਕਰਤਾਰ ਆਪਣੇ ਨਦਰ ਨਿਹਾਲੇ ਗੁਰਮੁਖ ਜਨਾਂ ਨੂੰ ਐਥੇ ਇਸ ਮਿਰਤ ਲੋਕ ਵਿਖੇ ਹੀ ਸਾਂਗੋ ਪਾਂਗ ਦਿਖਲਾਇ ਦਿੰਦਾ ਹੈ, ਪਰ ਪਹਿਲਾਂ ਜਿਨ੍ਹਾਂ ਨੂੰ ਆਪਣੇ ਪੰਨੇ ਪਾਇ ਲੈਂਦਾ ਹੈ ਤਿਨ੍ਹਾਂ ਐਹੋ ਜਿਹੇ ਜਨਾਂ ਤੇ ਹੀ ਅਜਿਹੀ ਨਦਰ ਨਦਰਾਉਂਦਾ ਹੈ। ਜਿਨ੍ਹਾਂ ਤੇ ਅਜਿਹੀ ਕਲਾ ਵਰਤਦੀ ਹੈ :–

> ਤ੍ਰਿਸਨਾ ਬੂਝੀ ਅੰਤਰੁ ਠੰਢਾ ॥ ਗੁਰਿ ਪੂਰੈ ਲੈ ਤੂਟਾ ਗੰਢਾ ॥ ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥ ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥ ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥ ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੪॥ ਬਾਰਹਾ ਕੰਚਨੁ ਸੁਧੁ ਕਰਾਇਆ ॥ ਨਦਰਿ ਸਰਾਫ ਵੰਨੀ ਸਚੜ੍ਹਾਇਆ ॥ ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ ॥੧੬॥ ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥ ਨਾਨਕ ਦਾਸ ਸਦਾ ਕੁਰਬਾਨੀ ॥ ਸੰਤ ਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥
>
> [ਮਾਰੂ ਸੋਲਹੇ ਮ: ੫, ਪੰਨਾ ੧੦੭੪

ਉਪਰਲੇ ਗੁਰ ਪਰਮਾਣ ਵਿਚ ਕਥੀ ਕਰਨੀ ਕਮਲ ਜਮਾਲ ਵਾਲੇ ਗੁਰਮੁਖ ਜਨਾਂ ਦੀ ਘਟ-ਅੰਤਰੀ-ਖੇਡ ਹੀ ਅਤਿ ਅਨੂਪਮ ਪਲਟਾ ਖਾ ਜਾਂਦੀ ਹੈ। ਤਿਨ੍ਹਾਂ ਦਾ ਘਟ-ਗੜ੍ਹ-ਮੰਦਰ ਅਤਿ ਸੋਹਣਾ ਹੋ ਜਾਂਦਾ ਹੈ। ਕਰਨੈਹਾਰ ਕਰਤਾਰ ਦਾ ਕੀਤਾ ਹੀ ਇਹ ਅਲੌਕਕ ਸੁੰਦਰਤਾ ਵਾਲਾ ਸੋਹਣਾ ਮੰਦਰ ਜਗਮਗਿਆਉਂਦਾ ਹੈ। ਤਿਸ ਵਿਚ ਅਤਿ ਅਨੂਪਮ ਸੂਰਜ ਚੰਦ ਮਈ ਜਲਵ-ਜੋਤੀ ਦੀਵੇ ਰੌਸ਼ਨ ਹੋਇ ਆਵੰਦੇ ਹਨ, ਜਿਸ ਦੇ ਚਾਨਣ ਕਰਕੇ ਤ੍ਰਿਭਵਣ ਜੋਤਿ ਉਜਿਆਰੀ ਤੇਜ ਅਪਾਰੀ ਚਾਨਣਾ ਚਨਣਾਇ ਜਾਂਦਾ ਹੈ। ਤਿਸ ਘਟ-ਮੰਦਰ ਅੰਦਰ ਹੀ ਹਟ-ਪਟਣ-ਗੜ੍ਹ-ਕੋਠੜੀ ਸਚੜੇ ਵਾਪਾਰ, ਸਚੇ ਸਉਦੇ ਵਾਲੀ ਖੁਲ੍ਹ ਜਾਂਦੀ ਹੈ ਅਤੇ ਅੰਤਰਗਤੀ ਭੈ-ਭੰਜਨੀ ਗਿਆਨ-ਅੰਜਨ ਵਾਲੇ ਦਿਬ-ਲੋਇਣ ਦੀਪਤ ਹੋ ਜਾਂਦੇ ਹਨ, ਜਿਨ੍ਹਾਂ ਲੋਇਣਾਂ ਦੁਆਰਾ ਉਹ ਘਟ-ਦੇਹ-ਖੰਡ ਵਿਖੇ ਹੀ ਸਚਖੰਡੀ ਨਿਰੰਕਾਰ ਨਿਰੰਜਨ ਦੀ ਝਾਤੀ ਪਾ ਲੈਂਦੇ ਹਨ। ਜੇਕਰ ਗੁਰੂ-ਕਰਣਾ ਦੁਆਰਾ ਭਲੀ ਪ੍ਰਕਾਰ ਇਸ ਅਜਰ ਪਦ ਨੂੰ ਜਰਿਆ ਜਾਵੇ (ਗੁਰੂ ਆਪਿ ਜਰਾਵੇ) ਤਾਂ ਸਾਰੇ ਖੰਡਾਂ ਬ੍ਰਹਿਮੰਡਾਂ ਦੀ ਗੁਪਤ ਪ੍ਰਗਟ ਖੇਡ ਉਹਨਾਂ ਨੂੰ ਹੱਥ ਤੇ ਸਰ੍ਹੋਂ ਜਮਾਉਣ ਵਾਂਗੂੰ ਪਰਤੱਖ ਹੋ ਜਾਂਦੀ ਹੈ। ਯਥਾ ਗੁਰਵਾਕ :–

> ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥ ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭੁ ਜਾਣੀਐ ਜੇ ਮਨੁ ਰਾਖੈ ਠਾਇ...॥੩॥੮॥੭॥
>
> [ਸਿਰੀਰਾਗੁ ਮ: ੧, ਪੰਨਾ ੫੭

ਇਹ ਅਜਰ ਜਰੀ ਗੁਰ ਸਤਿਗੁਰ ਦੀ ਜੋਤਿ ਪ੍ਰਕਾਸ਼ਕ ਸਾਕਸ਼ਾਤ-ਕਾਰਨੀ, ਕਲਾ ਕ੍ਰਿਸ਼ਮਕ ਗੁਹਜ ਕਥਾ, ਤਿਸ ਵਡਭਾਗੇ ਗੁਰਮੁਖ ਜਨ ਨੇ ਹੀ ਆਪਣੇ ਹਿਰਦੇ ਅੰਦਰ ਗਹਿ ਕਰਕੇ ਰਖੀ ਸਾਂਭੀ ਹੈ ਜਿਸ ਦੇ ਮੁਖ ਮਸਤਕ ਉਤੇ ਧੁਰ ਪੂਰਬ ਸੰਜੋਗੀ ਭਾਗ ਉਦੇ ਹੋਇ ਜਾਗਿਆ ਹੈ। ਤਿਨ੍ਹਾਂ ਨੇ ਇਸ ਅਤਿ ਸ੍ਰੇਸ਼ਟ ਉਤਮ ਅੰਮ੍ਰਿਤ ਰਸਾਇਣੀ ਅਕਥ ਬਿਵਸਥਾ ਦਾ ਅੰਦਰੇ ਅੰਦਰ ਅਤੇ ਸਹਜ ਰਸੁ ਮਾਣਿਆ ਹੈ। ਇਸ ਗੁਰ-ਬਚਨਾਂਤ ਸਹਜ ਰਸ ਬਿਚੱਖਣੀ ਅਹਿਲਾਦ ਆਨੰਦ ਦਾ ਇਹ ਸੁਗਮ ਸਹਜਾਈ ਸਿੱਟਾ ਉਗਵਿ ਆਉਂਦਾ ਹੈ ਕਿ ਘਟ ਅੰਤਰ ਹੀ



www.AKJ.Org

ਵਾਹਿਗੁਰੂ ਦਾ ਦਰਸ-ਪ੍ਰਗਾਸੀ-ਜੋਤਿ-ਉਜਿਆਰਾ ਪਰਜੁਅਲਤ ਹੋਇ ਆਵੰਦਾ ਹੈ ਅਤੇ ਸਗਰਾ ਤਿਮਰ ਅੰਧਿਆਰਾ ਮਿਟ ਜਾਂਦਾ ਹੈ, ਜਿਵੇਂ ਸੂਰਜ ਉਦੇ ਹੋਏ ਤੋਂ ਹਨੇਰੀ ਰਾਤ ਛਾਈਂ ਮਾਈਂ ਹੋ ਜਾਂਦੀ ਹੈ। ਇਸ ਬਿਧ ਗੁਰੂ ਵਰੋਸਾਏ ਗੁਰਮੁਖ ਜਨ ਘਟ ਅੰਤਰ ਹੀ ਅਦ੍ਰਿਸ਼ਟ ਅਗੋਚਰ ਅਲਖ ਨਿਰੰਜਨ ਨੂੰ ਆਪਣੀ ਅੱਖੀਂ ਦੇਖ ਲੈਂਦੇ ਹਨ। ਯਥਾ ਗੁਰਵਾਕ :–

ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥ ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥ ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰਬਚਨੀ ਸਹਜੇ ਚਾਖੀ ॥ ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥ ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥

[ਸਿਰੀ ਰਾਗ ਕੀ ਵਾਰ, ਪੰਨਾ ੮੭-੮੮

ਸਰਬ ਵਿਆਪਕ ਨਿਰੰਜਨ ਦਾ ਅਨੁਮਾਨ ਤਾਂ ਹਰ ਕੋਈ ਲਗਾ ਸਕਦਾ ਹੈ, ਪਰ ਇਸ ਖ਼ਿਆਲੀ ਕਿਆਸਕ ਅਨੁਮਾਨ ਕਰਕੇ ਅਲਖ ਨਿਰੰਜਨ ਲਖਿਆ ਨਹੀਂ ਜਾਂਦਾ, ਅਦ੍ਰਿਸ਼ਟ ਅਗੋਚਰ ਨਿਰੰਕਾਰ ਦੇਖਿਆ ਨਹੀਂ ਜਾ ਸਕਦਾ। ਜਿਨ੍ਹਾਂ ਗੁਰਮੁਖ ਜਨਾਂ ਦਾ ਊਂਧ ਕੰਵਲ ਪ੍ਰਕਾਸ਼ ਹੋ ਜਾਂਦਾ ਹੈ, ਸੋਈ ਅਗਮ ਅਗੋਚਰ ਅਲਖ ਨਿਰੰਜਨ ਨੂੰ ਸਰਬਤਰ ਰਵਿਆ ਸਾਂਗੋਂ ਪਾਂਗ ਦੇਖ ਸਕਦੇ ਹਨ। ਯਥਾ :–

ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥੧੦੯॥

[ਮਾਝ ਮ: ੫, ਪੰਨਾ ੧੦੮

ਊਂਧ ਕੰਵਲ ਜਦ ਪ੍ਰਗਾਸਦਾ ਹੈ ਤਾਂ ਪਹਿਲਾਂ ਸਾਰੇ ਸਰੀਰ ਪਿੰਡ ਅੰਦਰ ਜੋਤਿ-ਚਾਨਣਾ ਕਿਰਣਤ ਹੋ ਕੇ ਆ ਪਸਰਦਾ ਹੈ। ਫੇਰ ਜਿਉਂ ਜਿਉਂ ਕਮਾਈ ਵਧਦੀ ਜਾਂਦੀ ਹੈ, ਤਿਉਂ ਤਿਉਂ ਇਹ ਜੋਤਿ ਚਾਨਣਾ ਭੀ ਵਧਦਾ ਜਾਂਦਾ ਹੈ, ਐਥੇ ਤਾਈਂ ਕਿ ਇਸ ਦਾ ਵਧਾਓ ਪਿੰਡ ਤੋਂ ਬ੍ਰਹਮੰਡੀ ਸਗਲ ਭਵਨ ਵਿਖੇ ਜੋਤਿ-ਜਲਵਨਾ ਹੋ ਜਾਂਦਾ ਹੈ। ਜੋਤੀਸ਼ ਦਾ ਜੋਤਿ-ਜਲਵਨਾ-ਜਲਾਲ ਸਾਰੇ ਗਗਨ ਮੰਡਲ ਵਿਖੇ ਐਉਂ ਆਭਾ ਮਾਰ ਉਠਦਾ ਹੈ ਕਿ ਇਸ ਦਿਬ ਜੋਤਿ-ਜਲਵਨੀ ਦ੍ਰਿਸ਼ਟ (ਨਜ਼ਾਰੇ) ਦੇ ਆਸ਼ਕਾਰ ਹੋਏ ਤੋਂ ਪਹਿਲਾਂ ਪੰਜ-ਭੂਤਕ ਅਖੀਆਂ ਦੁਆਰਾ ਦਿਸ ਰਿਹਾ ਸਾਰਾ ਸਥੂਲ ਦ੍ਰਿਸ਼ਟ-ਦ੍ਰਿਸ਼ਟਿਆ-ਪੁਲਾੜ-ਪਸਰਾਉ ਪਲਟ ਕੇ ਜੋਤਿ ਜੋਤੰਨਾ ਹੋ ਜਾਂਦਾ ਹੈ। ਸਚ ਮੁਚ ਪਹਿਲੇ ਦ੍ਰਿਸ਼ਟਮਾਨ ਨਜ਼ਾਰੇ ਦਾ ਅਭਾਵ ਹੀ ਹੋ ਜਾਂਦਾ ਹੈ। ਉਸ ਦ੍ਰਿਸ਼ (ਨਜ਼ਾਰੇ) ਦੀ ਕਾਇਆਂ ਪਲਟ ਹੋ ਜਾਂਦੀ ਹੈ। ਐਉਂ ਪਰਤੀਤ (Realize) ਹੁੰਦਾ ਹੈ ਕਿ :–

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ...॥ਰਹਾਉ॥

[ਆਸਾ ਸ੍ਰੀ ਨਾਮਦੇਉ ਜੀ, ਪੰਨਾ ੪੮੫

ਵਿਦਤ ਰਹੇ ਕਿ ਏਤਨਾ ਹੁੰਦਿਆਂ (ਸਰਬੱਤਰ ਰਵ ਰਹਿਆ ਗੋਬਿੰਦ ਦ੍ਰਿਸ਼ਟੀ ਗੋਚਰ ਹੁੰਦਿਆਂ) ਭੀ ਸਚਖੰਡ ਵਿਖੇ "ਸਚੈ ਤਖਤਿ ਸਚ ਮਹਲੀ"‡ ਬੈਸ ਕੇ ਨਿਰਭਉ ਤਾੜੀ ਲਾਇ ਰਹਿਆ ਗੋਬਿੰਦ ਨਿਆਰਾ ਜਲਵਾਗਰ ਰਹਿੰਦਾ ਹੈ। ਆਤਮ-ਪ੍ਰਗਾਸ ਦਾ ਪ੍ਰਿਥਮ ਪ੍ਰਭਾਉ ਨਵ-ਸੁਹਾਗਵੰਤਿਆਂ ਨੂੰ ਗਗਨ ਪਾਤਾਲ ਵਿਖੇ ਸਰਬਤਰ ਪਸਰ ਰਹੀ ਜੋਤਿ-ਚਾਂਦਨੀ ਦਾ ਬਿਸਮ ਝਲਕਾਰਾ, ਅਜਿਹਾ ਬਿਸਮਾਦ ਰਸ ਅਹਿਲਾਦ ਵਿਚ ਮਗਨ ਕਰ ਦਿੰਦਾ ਹੈ ਕਿ ਉਨ੍ਹਾਂ ਦੀ, ਏਸ ਡਲ੍ਹਕਾਂ ਮਾਰਦੇ ਜੋਤਿ ਸਰੋਵਰ ਤੋਂ ਉਰਵਾਰ ਪਾਰ, ਅੱਖ ਹੀ ਨਹੀਂ ਉਘੜਨ ਦੇਂਦਾ। ਉਹਨਾਂ ਦੀ ਸੁਰਤੀ ਅਜਿਹੀ ਰਸ–ਬਿਸਮਾਦ ਹੋ ਜਾਂਦੀ ਹੈ ਕਿ ਇਹ ਪਹਿਲ-ਪਲੋਠੀਆ ਝਲਕਾਰਾ ਪੈਣ ਸਾਰ ਉਹ ਮਨ ਬਚਨ ਕਰਮ ਕਰਕੇ ਇਹੋ ਪ੍ਰਤੀਤ ਕਰਦੇ ਹਨ ਕਿ ਉਹਨਾਂ ਦਾ ਸਚ ਮੁਚ ਸਚਖੰਡ ਵਿਚ

---

‡ਰਾਮਕਲੀ ਦਖਣੀ ਮ: ੧, ਪੰਨਾ ੯੦੭



www.AKJ.Org

ਨਿਵਾਸ ਹੋਇ ਰਹਿਆ ਹੈ ਅਤੇ ਇਹ ਆਤਮ-ਝਲਕਾਰ ਹੀ ਸਚਖੰਡ-ਵਾਸੀ ਪਰਮਾਤਮ ਦਾ ਦਰਸਾਰ ਹੈ। ਉਹਨਾਂ ਨੂੰ ਅੰਦਰੋਂ ਬਾਹਰੋਂ ਪ੍ਰੀਤਮ ਪਰਮਾਨੰਦ (ਪਰਮ ਅਨੰਦ ਪ੍ਰੀਤਮ) ਦੀਆਂ ਜਫੀਆਂ ਪਈਆਂ ਹੋਈਆਂ ਹਨ, ਪਰ ਜਿਉਂ ਜਿਉਂ ਇਸ਼ ਜੀਰਾਂਦ ਨੂੰ ਜਰਦੇ ਜਾਂਦੇ ਹਨ, ਤਿਉਂ ਤਿਉਂ ਬਿਸਮ ਤੋਂ ਬਿਸਮ ਪਰਮ ਅਧਭੁਤੀ ਬਿਸਮਾਦ ਦੇ ਜਲਵੇ ਪਰਤੱਖ ਹੋਇ ਆਉਂਦੇ ਹਨ। ਉਹਨਾਂ ਦੀ ਸ਼ਬਦ ਸੁਰਤਿ ਰਸ-ਬਿਸਮਾਦੀ ਰੀਝ, ਪਰਮ ਅਪਰੰਪਰੀ ਨੀਝ ਲਾਉਣ ਵਲ ਰੀਝਾਇ ਲੈਂਦੀ ਹੈ ਅਤੇ ਇਕ ਝਲਕ ਪਲਕਾਰੇ ਮਾਤਰ ਵਿਚ ਹੀ ਦਸਮ ਦੁਆਰ ਵਾਲੀ ਅਤੇ ਸਚਖੰਡ ਵਾਲੀ ਵਿਥ ਮਿਲ ਜਾਂਦੀ ਹੈ ਅਤੇ "ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ"* ਦੇ ਤਤ ਵਾਸਤਵੀ ਅਰਥ ਉਥੇ (ਉਸ ਪਦ ਪੁਗ ਕੇ) ਖੁਲ੍ਹਦੇ ਹਨ, ਪਰ ਬਿਸਮ-ਬਿਨੋਦ ਸੁਰਤੀਏ ਨੈਣ ਉਸ ਦੇ ਫੇਰ ਭੀ ਨਹੀਂ ਖੁਲ੍ਹਦੇ। ਬਸ, ਉਦੋਂ ਹੀ ਪਤਾ ਲਗਦਾ ਹੈ ਅਤੇ ਇਹੋ ਪਤਾ ਲਗਦਾ ਹੈ ਕਿ :—

ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ ॥ ਕਹੁ ਨਾਨਕ ਪ੍ਰਭੁ ਮੇਰਾ ਊਚਾ ॥੪॥੧॥

[ਵਡਹੰਸੁ ਮ: ੫, ਪੰਨਾ ੫੬੨

ਸਚ ਮੁਚ ਊਚਾ! ਆਹਾ! ਉਦੋਂ ਹੀ ਬਸ ਉਦੋਂ ਹੀ, ਇਹ ਉਚਰਨਾ ਬਣਦਾ ਹੈ ਤੇ ਐਨ ਫਬਦਾ ਹੈ :—

ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥

[ਮਾਰੂ ਮ: ੫, ਪੰਨਾ ੧੦੦੨

ਹਾਂ ਜੀ, ਮਹਲੀ ਵਾਹਿਗੁਰੂ ਦਾ ਮਹਿਲ ਹੋਇਆ ਨਾ। ਪਹਿਲਾਂ ਘਟ ਅੰਦਰ ਮਹਿਲ ਬਣਿਆ, ਫੇਰ ਦਸਮ ਦੁਆਰ ਮਹਲੀ ਦਾ ਮਹਿਲ ਬਣਿਆ, ਪਰ ਸੱਚਾ ਮਹਿਲ ਮਹਿਲੀ ਦਾ, ਸੱਚਾ ਅਸਥਿਰ ਰਹਿਣ ਵਾਲਾ ਅਬਿਚਲ ਮਹਿਲ ਮਹਿਲੀ ਦਾ ਤਾਂ ਸਚਖੰਡ ਹੀ ਬਣਿਆ ਰਿਹਾ ਅਤੇ ਇਹੀ ਦਰ ਮਹਲ ਹੈ, ਜਿਥੇ ਬਹਿ ਕੇ ਉਹ ਸਰਬ ਦੀ ਸੰਭਾਲਨਾ ਕਰਦਾ ਹੈ। "ਸੋਦਰ" ਵਿਖੇ ਵਖਾਣਿਆ ਪਰਮ ਅਧਿਭੁਤੀ ਦਰ ਮਹਿਲ "ਜਿਤੁ ਬਹਿ ਸਰਬ ਸਮਾਲੇ" ਇਹੋ ਸਚਖੰਡ ਹੈ। ਇਹ ਸਚਖੰਡ ਰੂਪੀ ਦਰੁ ਘਰੁ ਕਿਹਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਦਸਣ ਲਗਿਆਂ ਅਧਭੁਤ ਬਿਸਮਾਦ ਵਿਚ ਸਮਾਧੀ ਲਗ ਗਈ। ਇਉਂ ਉਚਾਰਦੇ ਹੀ ਸਚਖੰਡ ਵਿਖੇ ਲਿਵਲੀਨ ਹੋ ਗਏ ਅਤੇ ਲਿਵਲੀਨ ਹੋਏ ਉਚਾਰੀ ਗਏ :—

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥੨੭॥ [ਜਪੁਜੀ

ਆਹਾ! ਹੁਣ "ਸਮਾਲੇ" ਦਾ 'ਸਮਾਲਹਿ' ਹੋ ਗਿਆ। ਸਨਮੁਖ ਪੇਖ ਰਹੀ ਬਿਸਮਾਦ ਦ੍ਰਿਸ਼ਟੀ ਸਮਾਲਹਿ ਹੀ ਉਚਾਰਨ ਕਰੇਗੀ। ਸਨਮੁਖ ਬਿਲਾਸ ਕਰ ਰਹੀ ਬਿਸਮ-ਰਸ-ਗੀਧੀ ਰਸਨਾ ਨੂੰ 'ਸਮਾਲੇ' ਦੇ ਥਾਉਂ "ਸਮਾਲਹਿ" ਕਹਿਣਾ ਹੀ ਸੋਭਦਾ ਹੈ। 'ਸਮਾਲਹਿ'! 'ਤੂ ਸਮਾਲਹਿ' ਦਾ ਸੀਗ਼ਾ ਗ਼ਾਇਬ (ਅਨ-ਪੁਰਖ) ਉਡ਼ ਗਿਆ ਤੇ ਸੀਗ਼ਾ ਮੁਖ਼ਾਤਬ (ਮੱਧਮ ਪੁਰਖ) ਪਰਬਲ ਹੋਇ ਸਫੁਟਿਆ। ਵਾਹੁ! ਸਚ ਮੁਚ ਇਹ ਕਹਿਣਾ ਬਣਦਾ ਹੈ ਕਿ :—

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥
ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥
ਗੋਵਿੰਦੁ ਅਲਖ ਅਪਾਰੁ **ਅਪਰੰਪਰੁ** ਆਪੁ ਆਪਣਾ ਜਾਣੈ ॥
ਕਿਆ ਇਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਖਿ ਵਖਾਣੈ ॥
ਜਿਸ ਨੋ ਨਦਰਿ ਕਰਹਿ ਤੂੰ ਅਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥
ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥੧॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥

*ਵਡਹੰਸੁ ਮ: ੫, ਪੰਨਾ ੫੬੨



www.AKJ.Org

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ ॥
ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ ਤਾ ਕਾ ਅੰਤੁ ਨ ਪਾਇਆ ॥
ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ **ਗੁਰਮੁਖਿ ਅਲਖੁ ਲਖਾਇਆ ॥**
ਸਦਾ ਅਨੰਦਿ ਰਹੈ ਦਿਨੁ ਰਾਤੀ ਸਹਜੇ ਨਾਮਿ ਸਮਾਇ ਜੀਉ ॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥੨॥
ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥
ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ ਤੂੰ ਆਪੇ ਪੁਰਖੁ ਸੁਜਾਨੁ ਜੀਉ ॥
ਪੁਰਖੁ ਸੁਜਾਨੁ ਤੂੰ **ਪਰਧਾਨੁ** ਤੁਧੁ ਜੇਵਡੁ ਅਵਰੁ ਨ ਕੋਈ ॥
ਤੇਰਾ ਸਬਦੁ ਸਭੁ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ ॥
ਹਰਿ ਸਭਿ ਮਹਿ ਰਵਿਆ ਏਕੋ ਸੋਈ ਗੁਰਮੁਖਿ ਲਖਿਆ ਹਰਿ ਨਾਮੁ ਜੀਉ ॥
ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥੩॥
ਸਭੁ ਤੂੰ ਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥
ਤੁਧੁ ਆਪੇ ਭਾਵੈ ਤਿਵੈ ਚਲਾਵਹਿ ਸਭ ਤੇਰੈ ਸਬਦਿ ਸਮਾਇ ਜੀਉ ॥
ਸਭ ਸਬਦਿ ਸਮਾਵੈ ਜਾਂ ਤੁਧੁ ਭਾਵੈ ਤੇਰੈ ਸਬਦਿ ਵਡਿਆਈ ॥
ਗੁਰਮੁਖਿ ਬੁਧਿ ਪਾਈਐ ਆਪੁ ਗਵਾਈਐ ਸਬਦੇ ਰਹਿਆ ਸਮਾਈ ॥
ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ ਨਾਨਕ ਨਾਮਿ ਸਮਾਇ ਜੀਉ ॥
ਸਭੁ ਤੂੰ ਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥੪॥੭॥੧੪॥

[ਆਸਾ ਮਹਲਾ ੪ ਛੰਤ, ਪੰਨਾ ੪੪੮

ਇਸ ਕਾਇਆਂ ਕੋਟ ਗੜ੍ਹ ਮੰਦਰੀ ਦਸਮ ਦੁਆਰ ਰਾਹੀਂ ਪ੍ਰਗਟੰਦੜਾ ਮੈਂਡਾ ਲੋੜੀਂਦੜਾ ਸਾਜਨ ਸਾਈਂ, ਸਚਖੰਡ ਵਿਖੇ ਸਦਾ ਅਸਥਿਤ ਰਹੰਦੜਾ ਹੋਇਆ ਭਗਤ ਜਨਾਂ ਨੂੰ ਨੇਰੇ ਹੂੰ ਤੇ ਨੇਰੇ ਹਾਜ਼ਰ ਹਜ਼ੂਰ ਹੋ ਕੇ ਆਇ ਦੀਦਾਰ ਦੇਂਵਦਾ ਹੈ। ਸੱਚੇ ਸਤਿਗੁਰ ਦੀ ਇਹ ਅਮਿਤ ਵਡਿਆਈ ਹੈ। ਉਸ ਕਰਤਾਰ ਸਿਰਜਨਹਾਰ ਨਿਰੰਕਾਰ ਦੇ ਸਾਜੇ ਨਿਵਾਜੇ ਕਾਇਆਂ ਕੋਟ ਗੜ੍ਹੀ ਨੌਂ ਦਸਾਂ ਦਰਵਾਜ਼ਿਆਂ ਦੇ ਹੁੰਦਿਆਂ ਅਤੇ ਅਣਹੁੰਦਿਆਂ ਭੀ "ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ" ਸਦ ਸਦਾ ਸਚਖੰਡ ਵਿਖੇ ਬਿਰਾਜਮਾਨ ਹੈ। ਸਦਾ ਅਸਥਿਤ ਹੈ। ਮੇਰਾ ਗੋਬਿੰਦ ਅਲਖ ਅਪਾਰ ਹੈ। ਤਾਂ ਕੀ ਗਤਿ ਕਹੀ ਨਹੀਂ ਜਾਂਦੀ, ਤਿਸ ਦੀ ਵਡਿਆਈ ਅਮਿਤ ਹੈ, ਤਿਸ ਦੀ ਮਿਤ-ਮਿਣਤੀ ਕੁਛ ਨਹੀਂ ਕੀਤੀ ਜਾ ਸਕਦੀ, ਕੋਈ ਲਖ ਨਹੀਂ ਸਕਦਾ। ਇਸ ਕਰਕੇ ਗੋਵਿੰਦ ਅਲਖ ਹੈ। ਤਿਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਇਸ ਕਰਕੇ ਗੋਵਿੰਦ ਅਪਾਰ ਹੈ। ਉਪਰ ਤੋਂ ਉਪਰ, ਸਭਨਾਂ ਤੋਂ ਉਪਰ ਸਚਖੰਡ ਵਿਖੇ ਬਿਰਾਜਮਾਨ ਹੈ, ਇਸ ਕਰਕੇ ਗੋਵਿੰਦ ਅਪਰੰਪਰੁ ਹੈ। ਆਪਣਾ ਆਪੁ ਉਹ ਆਪ ਹੀ ਜਾਣਦਾ ਹੈ। ਇਹ ਅਲਪਗ ਜੰਤ ਵਿਚਾਰੇ ਕਿਸ ਬਾਗ ਦੀ ਮੂਲੀ ਹਨ। ਇਹ ਤੈਨੂੰ ਹੇ ਮੇਰੇ ਗੋਵਿੰਦ! ਕੀ ਆਖ ਕੇ ਵਖਾਣ ਸਕਦੇ ਹਨ? ਜਿਸ ਨੂੰ ਤੂੰ ਆਪ ਨਦਰ ਕਰਹਿ, ਸੋਈ ਗੁਰਮੁਖ ਜਨ ਤੇਰਾ ਤੱਤ ਅਭਿਆਸੀ ਵੀਚਾਰ ਕਰ ਕੇ ਤੁਧਨੋ ਲਖ ਪੇਖ ਸਕਦਾ ਹੈ। ਹੇ ਮੇਰੇ ਵਡੜੇ, ਸਭਹੂੰ ਤੇ ਵਡੇ, ਸਭਹੂੰ ਤੇ ਉਚੇ ਅਤੇ ਦਰਬਾਰ (ਸਚ-ਖੰਡ) ਵਾਲੇ ਅਗਮ ਅਗੋਚਰ ਆਦਿ ਨਿਰੰਜਨ ਨਿਰੰਕਾਰ ਜੀਉ! ਤੂੰ ਆਦਿ ਪੁਰਖ ਹੈਂ, ਅਪਰੰਪਰ ਕਰਤਾ ਹੈਂ। ਤੇਰਾ ਪਾਰ ਨਹੀਂ ਪਾਇਆ ਜਾਂਦਾ। ਤੂੰ ਘਟ ਘਟ ਅੰਤਰ ਹੈਂ ਅਤੇ ਸਰਬ ਨਿਰੰਤਰ ਹੈਂ ਅਤੇ ਸਭ ਮਹਿ ਸਮਾਇ ਰਿਹਾ ਹੈਂ, ਅਪਰੰਪਰੀ ਸਚਖੰਡ ਵਸੰਤਰੀ ਹੁੰਦਾ ਹੋਇਆ ਸਰਬ ਨਿਰੰਤਰ ਘਟ ਘਟ ਅੰਤਰ ਸਮਾਇ ਰਿਹਾ ਹੈਂ। ਸਚਖੰਡ ਵਸੰਤਰੀ ਪਾਰਬ੍ਰਹਮ ਪ੍ਰਮੇਸ਼ਰ ਹੁੰਦਾ ਹੋਇਆ ਤੂੰ ਘਟ ਘਟ ਅੰਤਰ ਸਮਾਇ ਰਿਹਾ ਹੈਂ। ਤੇਰਾ ਅੰਤ ਨਹੀਂ ਪਾਇਆ ਜਾਂਦਾ। ਜਿਸ ਦਾ ਏਹਨਾਂ ਪੰਚ-ਭੂਤਕ ਅੱਖੀਆਂ ਨੂੰ ਦਿਸਣ ਵਾਲਾ ਕੋਈ ਰੂਪ ਰੇਖ ਨਹੀਂ, ਸੋ ਅਰੂਪ ਰੂਪ ਵਾਲਾ, ਅਕਾਲ ਮੂਰਤਿ ਵਾਲਾ, ਅਦ੍ਰਿਸ਼ਟ ਅਗੋਚਰ ਸਚਖੰਡੀ


www.AKJ.Org

ਗਗਨੰਤਰ-ਵਾਸੀਆ ਅਲੱਖ ਪਾਰਬ੍ਰਹਮ ਪਰਮੇਸਰ, ਕੇਵਲ ਗੁਰਮੁਖਾਂ ਨੇ ਹੀ ਲਖਿਆ ਹੈ। ਅਤੇ ਗੁਰ ਸਤਿਗੁਰ ਦੁਆਰਾ ਪ੍ਰਾਪਤ ਹੋਈ ਗੁਰਮੰਤ੍ਰ ਗੁਰਦੀਖਿਆ ਦੀ ਅਭਿਆਸ ਕਮਾਈ ਦੇ ਪਰਤਾਪ ਕਰਕੇ ਲਖਿਆ ਲਖਾਇਆ ਜਾ ਸਕਦਾ ਹੈ, ਐਵੇਂ ਨਹੀਂ। ਇਸ ਮਾਨੁਖਾ ਦੇਹੀ ਅੰਦਰ ਹੁੰਦਿਆਂ ਅਲਖ ਅਗੋਚਰ ਸਚਖੰਡ ਵਸੰਤਰੀ ਪਾਰਬ੍ਰਹਮ ਪਰਮੇਸਰ ਜੇ ਲਖਿਆ ਜਾ ਸਕਦਾ ਹੈ ਤਾਂ ਬਸ, ਇਸ ਵਿਚ ਸਾਰਾ ਮੁਅਜਜ਼ਾ "ਗੁਰਮੁਖਿ ਅਲਖ ਲਖਾਇ ਜੀਉ" ਦੇ ਮੁਇੰਮੇ (ਬੁਝਾਉਣੀ) ਵਿਚ ਹੈ। ਅਲਖ ਨੂੰ ਲਖਣ ਵਾਲੇ ਗੁਰਮੁਖ ਜਨ ਦਿਨ ਰਾਤੀਂ ਸਦਾ ਅਨੰਦ ਰਹਿੰਦੇ ਹਨ ਅਤੇ ਇਸ ਸਹਜ ਅਨੰਦ ਦੀ ਦਸ਼ਾ ਵਿਚ ਹੀ ਤਿਨ੍ਹਾਂ ਦੀ ਨਾਮ-ਅਨੁਰਾਗੀ-ਮਗਨਤਾ ਬਣੀ ਰਹਿੰਦੀ ਹੈ। ਤਿਨ੍ਹਾਂ ਨੂੰ ਆਦਿ ਪੁਰਖ ਅਪਰੰਪਰ ਕਰਤੇ ਪੁਰਖ ਦਾ ਅੰਤ ਪਾਰਾਵਾਰ ਲੈਣ ਦੀ ਪਰਵਾਹ ਨਹੀਂ। ਉਹ ਤਾਂ ਨਿਰੰਕਾਰ ਦੇ ਨਾਮ ਵਿਚ ਮਸਤ ਅਲਮਸਤ ਸਮਾਏ ਰਹਿੰਦੇ ਹਨ। ਨਾਮ-ਰਿਦ-ਵਿਗਾਸੀਆਂ, ਜੋਤਿ ਪ੍ਰਗਾਸੀਆਂ ਨੂੰ ਸਦਾ ਹੀ ਨਾਮੀ ਵਾਹਿਗੁਰੂ ਸਾਮ੍ਹਣੇ ਪ੍ਰਕਾਸ਼ਮਾਨ ਜ਼ਾਹਰ ਜ਼ਰੂਰ ਹੈ। ਹੇ ਮੇਰੇ ਵਾਹਿਗੁਰੂ! ਤੂੰ ਸਤ ਪ੍ਰਮੇਸ਼ਰ ਹੈਂ, ਸਦਾ ਅਬਿਨਾਸ਼ੀ ਹੈਂ, ਹਰਿ ਹਰਿ ਗੁਣੀ ਨਿਧਾਨ ਹੈਂ, ਤੂੰ ਹਰਿ ਹਰਿ ਪ੍ਰਭ ਏਕੋ, ਬਸ, ਏਕੋ ਵਾਹਿਗੁਰੂ ਹੀ ਵਾਹਿਗੁਰੂ ਹੈਂ। ਤੇਰੇ ਬਿਨਾਂ ਅਤੇ ਤੁਧ ਜੇਵਡ ਅਵਰ ਕੋ ਦੂਜਾ ਹੈ ਹੀ ਨਹੀਂ। ਤੈਨੂੰ ਬੀਉ ਪੁਛਿ ਮਸਲਤ ਧਰਨ ਦੀ ਲੋੜ ਨਹੀਂ "ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥"† ਆਹ! ਮੇਰੇ ਵਾਹਿਗੁਰੂ ਸਾਹਿਬ ਜੀਉ! ਤੂੰ ਐਸਾ ਹੈਂ, ਏਹਨਾਂ ਅਚਰਜ ਸਿਫਤਾਂ ਵਾਲੜਾ ਹੈਂ :–

ਜਾ ਕਾ ਅੰਤੁ ਨ ਜਾਨਸਿ ਕੋਇ॥ ਆਪੇ ਆਪਿ ਨਿਰੰਜਨੁ ਸੋਇ॥
ਆਪਿ ਅਕਾਰ ਆਪਿ ਨਿਰੰਕਾਰ॥ ਘਟ ਘਟ ਘਟਿ ਸਭ ਘਟ ਆਧਾਰੁ॥੩॥ [ਗੋਂਡ ਮ: ੫, ਪੰਨਾ ੮੬੩

ਤੈਨੂੰ ਤਾਂ ਕੇਵਲ ਓਹੀ ਵਡਭਾਗੇ ਗੁਰਮੁਖ ਜਨ ਤਤ-ਲਖਤਾ ਵਾਲੇ ਸਰੂਪ ਵਿਚ ਜਾਣ ਸਕਦੇ ਹਨ ਜੋ ਤੇਰੇ ਨਾਮ-ਰੰਗਾਂ ਵਿਚ ਰੰਗੀਜ ਕੇ ਲਾਲੋ ਲਾਲ ਥੀ ਰਹੇ ਹਨ, ਜੋ ਤੇਰੇ ਸੰਤ ਭਗਤ ਜਨ ਤੇਰਾ ਜਸ ਕਰ ਕਰ ਕੇ ਆਘਾਇ ਰਹੇ ਹਨ ਅਤੇ ਤੇਰੇ ਨਾਮ-ਰੰਗਾਂ ਵਿਚ ਆਘਾਇ ਕੇ ਨਿਹਾਲੋ ਨਿਹਾਲ ਹੋਇ ਰਹੇ ਹਨ। ਯਥਾ ਗੁਰਵਾਕ–

ਨਾਮ ਰੰਗਿ ਭਗਤ ਭਏ ਲਾਲ॥ ਜਸੁ ਕਰਤੇ ਸੰਤ ਸਦਾ ਨਿਹਾਲ॥
ਨਾਮ ਰੰਗਿ ਜਨ ਰਹੇ ਅਘਾਇ॥ ਨਾਨਕ ਤਿਨ ਜਨ ਲਾਗੈ ਪਾਇ॥੪॥੩॥੫॥
[ਗੋਂਡ ਮ: ੫, ਪੰਨਾ ੮੬੩

ਆਪਣੀ ਮਸਲਤ ਧਰ ਕਰਕੇ, ਆਪੇ ਜਾਨਣਹਾਰ ਹੋਣ ਕਰਿ, ਤੂੰ ਆਪੇ ਪੁਰਖ ਸੁਜਾਨ ਹੈਂ। ਤੂੰ ਆਦਿ ਪੁਰਖੁ ਹੈਂ। ਪੁਰਖ ਹੀ ਨਹੀਂ, ਸੁਜਾਨ ਹੈਂ। ਸੁਜਾਨ ਪੁਰਖ ਭੀ ਕੈਸਾ ਹੈਂ ਕਿ ਸਭ ਦਾ ਪਰਧਾਨ ਹੈਂ। ਤੂੰ ਐਸਾ ਪ੍ਰਧਾਨ ਸੁਜਾਨ ਪੁਰਖ ਹੈਂ ਕਿ ਤੁਧ ਜੇਵਡ ਹੋਰ ਕੋਈ ਹੈ ਹੀ ਨਹੀਂ। ਤੂੰ ਸਰਬ ਕਲਾ ਸਮਰੱਥ ਪੁਰਖ ਪੁਰਖੋਤਮ ਅਮਰ ਅਟਾਰੜੇ ਸਚਖੰਡ ਧਾਮ ਵਿਚ ਬੈਠਾ ਹੋਇਆ ਆਪਣਾ ਅਮਰ (ਹੁਕਮ) ਚਲਾਵੰਦਾ ਹੈਂ ਅਤੇ ਆਪਣੀ ਕਲਾ ਵਰਤਾਵੰਦਾ ਆਪਣੀ ਸਰਬ ਕਲਾ ਸਮਰੱਥਤਾ ਦਾ ਸਿੱਕਾ ਚਲਾਵੰਦਾ ਹੈਂ। ਸਭ ਘਟ ਪੂਰਨ ਹੋਇ ਆਪਣਾ ਜ਼ਾਹਰ ਕਲਾ ਦਾ ਇਜ਼ਹਾਰ ਦਿੰਦਾ ਹੈਂ। ਤੇਰਾ ਸ਼ਬਦ ਹੀ ਸ਼ਬਦ ਸਾਰੇ ਵਰਤਦਾ ਹੈ ਅਤੇ ਸ਼ਬਦ ਰੂਪ ਹੋ ਕੇ ਸਭ ਤੂੰਹੇਂ ਵਰਤਦਾ ਹੈਂ ਅਤੇ ਜੋ ਕੁਛ ਤੂੰ ਆਪੇ ਕਰਹਿ, ਸੋਈ ਹੋਵੰਦਾ ਹੈ। ਵਾਹਿਗੁਰੂ ਏਕੋ ਹੀ ਸਭ ਮਹਿ ਰਵਿਆ ਹੋਇਆ ਹੈ। ਇਸ ਭੇਦ ਨੂੰ ਤੱਤ ਲਖਤਾ ਕਰਕੇ ਕਉਣ ਬੁਝ ਸਕਦਾ ਹੈ? ਉਹ ਬੁਝ ਸਕਦਾ ਹੈ ਜਿਸ "ਗੁਰਮੁਖਿ ਲਖਿਆ ਹਰਿਨਾਮੁ ਜੀਉ"। ਨਾਮ ਦੇ ਲਖਣੇਹਾਰੇ, ਨਾਮ ਦੇ ਤਤ-ਦਰਸੀ, ਨਾਮ ਦੇਰਸ਼ਨਾਂ ਦੇ ਸਾਂਗੋ ਪਾਂਗ ਪੇਖਣਹਾਰੇ ਅਤੇ ਨਾਮ ਦੇ ਜੋਤਿ-ਦਰਸ਼ਨੀ ਸਰੂਪ ਨੂੰ ਪੇਖ ਪੇਖ ਕੇ ਆਨੰਦ ਰੰਗ ਮਾਨਣਹਾਰੇ ਹੀ ਨਾਮੀ ਵਾਹਿਗੁਰੂ ਨੂੰ ਲਖ ਪੇਖ ਸਕਦੇ ਹਨ। ਐਥੇ ਭੀ ਅਤੇ ਸਚਖੰਡੀ ਮੰਡਲ ਵਿਖੇ ਭੀ, ਅਤੇ ਸਾਰੇ ਖੰਡ ਬ੍ਰਹਮੰਡਾਂ ਵਿਚ ਭੀ। ਹੇ ਵਾਹਿਗੁਰੂ! ਜੈਸਾ ਤੂੰ ਅਗਮ ਅਗੋਚਰ ਹੈਂ, ਤੈਸਾ ਹੀ ਤੇਰਾ ਸ਼ਬਦ ਭੀ ਅਗੋਚਰ ਹੈ। ਗੁਰਮੁਖਾਂ ਨੇ ਹੀ ਤੇਰੇ ਇਸ ਅਗੋਚਰ ਸ਼ਬਦ ਨੂੰ ਪਾਇਆ ਹੈ ਅਤੇ ਗੁਰਮੁਖਾਂ ਨੇ ਹੀ ਤੇਰੇ ਸ਼ਬਦ ਨਾਮ ਵਿਚ ਸਮਾਇ ਕੇ ਤੇਰੇ ਅਗਮ ਅਗੋਚਰ ਸਰੂਪ ਨੂੰ ਪਾਇਆ ਲਖਿਆ ਲਖਾਇਆ ਹੈ ਅਤੇ ਜੀਉਂਦੇ-ਜੀ ਸਚਖੰਡ ਸਾਮ੍ਹਣੇ ਡੇਰਾ ਲਾਇਆ ਹੈ। [ਪੁਸਤਕ 'ਸਚਖੰਡ ਦਰਸ਼ਨ' ਵਿਚੋਂ

†ਗੋਂਡ ਮ: ੫, ਪੰਨਾ ੮੬੩

www.AKJ.Org

ਧਰਮ ਕਾ ਜੈਕਾਰ

# ਖਾਲਸਾ ਜੀ ਦੇ ਬੋਲ-ਬਾਲੇ ਅਤੇ ਸਾਡੇ ਕਰਤੱਵ

ਸਤਿਗੁਰੂ ਜੀ ਦੇ ਨਿਜ-ਵਾਕ ਅਨੁਸਾਰ ਆਪ ਜੀ ਨੂੰ ਅਕਾਲ ਪੁਰਖ ਨੇ ਸੰਸਾਰ ਵਿਚ ਧਰਮ ਬਿਥਾਰਨ ਲਈ ਭੇਜਿਆ :–

ਜਹਾਂ ਤਹਾਂ ਤੁਮ ਧਰਮ ਬਿਥਾਰੋ ।।੪੨।। [ਬਚਿਤ੍ਰ ਨਾਟਕ, ਅਧਿ: ੬

ਸਤਿਗੁਰੂ ਜੀ ਨੇ ਇਸ ਸੰਸਾਰ ਵਿਚ ਆ ਕੇ ਉਪਰੋਕਤ ਹੁਕਮ ਦੀ ਪਾਲਨਾ ਕਰਨ ਦੀ ਲੜੀ ਵਿਚ ਖਾਲਸੇ ਦੀ ਸਿਰਜਨਾ ਕੀਤੀ। ਅਜਿਹੀ ਮਨੁੱਖੀ ਜੀਵਨ-ਜਾਚ ਦਾ ਸਬਕ ਦਿਤਾ, ਜਿਸ ਵਿਚ 'ਜੀਵਨ' ਪਾਪਾਂ ਤੋਂ ਰਹਿਤ ਹੋਵੇ, ਸਿਰਜਨਹਾਰ ਦੀ ਯਾਦ ਵਿਚ ਇਕ-ਰਸ ਰਹਿ ਕੇ ਦੁਨਿਆਵੀ ਕਾਰ-ਵਿਹਾਰ ਭੀ ਨਿਭੇ। ਐਸਾ ਇਨਸਾਨ ਪੈਦਾ ਕੀਤਾ ਜੋ ਸਵਾਸ ਸਵਾਸ ਸਿਮਰਨ-ਰੂਪੀ ਬੁਹਾਰੀ ਨਾਲ ਅੰਦਰਲੇ ਪਾਪ ਹੂੰਝ ਕੇ ਬਾਹਰ ਕਢਣ ਦੇ ਯਤਨ ਵਿਚ ਰਹੇ। ਬਾਹਰੋਂ ਸੁੱਚਾ ਕਿਰਤੀ, ਸੱਚਾ ਬਿਉਹਾਰੀ, ਅੰਦਰੋਂ ਵਿਗਸਿਆ ਹੋਵੇ ਅਤੇ ਨਾਮ-ਸੁਗੰਧੀ ਵਿਚ ਮੁਸ਼ਕ-ਝਕੋਲਿਆ ਹੋਇਆ, ਆਪ ਸੁਖੀ ਹੋਵੇ, ਆਲਾ ਦੁਆਲਾ ਸੁਖੀ ਕਰੇ।

ਸਤਿਗੁਰਾਂ ਨੇ ਮਨੁੱਖ ਦੀ ਕਾਇਆਂ ਕਲਪ ਕਰ ਕੇ, ਉਸ ਨੂੰ ਅੰਮ੍ਰਿਤ ਦੀ ਦਾਤਿ ਦੇ ਕੇ, ਉਸ ਦੀ ਆਤਮਾ ਨੂੰ ਅੰਦਰੋਂ ਧੋ-ਮਾਂਜ ਕੇ, ਵਿਚ ਨਾਮ-ਅੰਮ੍ਰਿਤ ਦਾ ਸਿੰਚਾਰ ਕਰ ਕੇ, ਉਸ ਦਾ ਨਾਮ ਰਖਿਆ '**ਖਾਲਸਾ**'। ਉਸ ਦੀ ਬਾਹਰੀ ਸਜਾਵਟ ਵੀ ਕੀਤੀ, ਦੈਵੀ ਸ਼ਕਲ, ਜਟਾ ਜੂਟ ਕੇਸਾਧਾਰੀ, ਪ੍ਰਕਾਸ਼ ਦਾਹੜਾ, ਸੀਸ ਤੇ ਦਸਤਾਰ ਸਸ਼ੋਭਤ, ਨਿਰਭੈ ਸ਼ਸਤਰਧਾਰੀ, ਗਾਤਰੇ ਸ੍ਰੀ ਸਾਹਿਬ, ਸੀਲ ਸੱਤ ਦੀ ਕੱਛ। ਸਭ ਸ੍ਰਿਸ਼ਟੀ ਦੇ ਦੀਨ-ਦੁਖੀ ਦਾ ਸੇਵਾਦਾਰ, ਪਰ ਸਿਵਾਏ ਸਿਰਜਨਹਾਰ ਦੇ ਭੈ ਦੇ ਸਭ ਤੋਂ ਨਿਰਭੈ।

ਇਹ 'ਖਾਲਸਾ' ਫ਼ਕੀਰੀ ਕਰੇ ਤਾਂ ਛੋਲਿਆਂ ਨੂੰ ਬਦਾਮ ਸਮਝ ਕੇ ਸੰਤੁਸ਼ਟ ਰਹੇ, ਜੇ ਰਾਜ ਕਰੇ ਤਾਂ ਭੀ ਸਿੱਕਾ ਸਤਿਗੁਰੂ ਦੇ ਨਾਮ ਦਾ ਹੀ ਚਲੇ, ਆਪ ਸੇਵਕ ਹੀ ਰਹੇ ਸੱਚੀ ਸਰਕਾਰ ਦਾ। ਨਿਰਭੈ ਯੋਧਾ ਹੋਵੇ, ਸਿਪਾਹ-ਸਲਾਰ ਹੋਵੇ, ਜੰਗ ਕਰੇ, ਪਰ ਉਸ ਸਭ ਕੁਝ ਦਾ ਮਿਸ਼ਨ ਇਕੋ ਹੀ, ਜਿਹੜਾ ਸਾਹਿਬ ਆਪ ਲੈ ਕੇ ਆਏ, ਅਤੇ ਇਸਨੂੰ ਆਪਣਾ ਖਾਸ ਰੂਪ ਦੇ ਕੇ ਇਸ ਦੀ ਅਗੋਂ ਡਿਊਟੀ ਲਗਾ ਗਏ, "ਕਬੁਧਿ ਕਰਨ ਤੇ ਲੋਕ ਹਟਾਏ*। ਆਪਣੇ ਧਰਮੀ ਜੀਵਨ ਬਤੀਤ ਕਰਨ ਵਿਚ ਜੇ ਕੋਈ ਉਪਾਧੀ ਆਵੇ ਉਸ ਨੂੰ ਦੂਰ ਹਟਾਉਣ ਲਈ ਯੋਗ ਉਪਾਉ ਕਰਨਾ ਪਵੇ, ਕਰੇ। ਗੁਰੂ ਕੇ ਪਰਵਾਰ "ਗੁਰੂ ਪੰਥ" ਦੀ ਸੇਵਾ ਲਈ, ਧਰਮ ਦੀ ਰਾਖੀ ਲਈ, ਸੀਸ ਤਲੀ ਤੇ ਧਰਨ ਲਈ ਹਰ-ਦਮ ਤਿਆਰ ਰਹੇ। ਧਰਮੀ, ਗੌਰਵ-ਮਈ ਅਤੇ ਅਣਖੀ ਜੀਵਨ ਜੀਊਣ ਲਈ ਸਤਿਗੁਰਾਂ ਤੋਂ ਬਾਣੀ ਰਾਹੀਂ ਸੁਮੱਤ ਲੈਣ ਵਾਲਾ ਅਤੇ ਮਨ ਬਚਨ ਕਰਮ ਕਰ ਕੇ ਅਮਲ ਕਰਨ ਵਾਲਾ ਖ਼ਾਲਸਾ ਸਾਜਿਆ ਸਤਿਗੁਰਾਂ ਨੇ। ਧਰਮ ਦੀ ਰਾਖੀ ਲਈ ਜੰਗ ਲੜੇ, ਸ਼ਹੀਦੀਆਂ ਪਾਵੇ, ਪਰਵਾਰ ਵਾਰੇ।

ਖਾਲਸੇ ਲਈ ਰਾਜ ਤੇ ਜੋਗ ਦੋਹਾਂ ਹਾਲਤਾਂ ਵਿਚ ਰਹਿਣੀ, ਬਹਿਣੀ, ਸਹਿਣੀ ਇਕੋ ਜਿਹੀ ਹੈ। ਇਹ ਨਹੀਂ ਕਿ ਸੰਗਤ ਵਿਚ ਕਰਨੀ ਹੋਰ ਅਤੇ ਦੁਨਿਆਵੀ ਪਿੜ ਅੰਦਰ ਹੋਰ। ਅੱਜ ਅਸੀਂ "ਪਾਲਿਟਿਕਸ ਧਰਮ ਇਕੱਠਾ ਹੈ" ਦੀ ਆੜ ਵਿਚ ਕਾਫ਼ੀ ਛੋਟਾਂ ਲੈ ਲਈਆਂ ਹਨ, ਜਿਨ੍ਹਾਂ ਨੂੰ ਨਿਖਾਰ ਲੈਣਾ ਜ਼ਰੂਰੀ ਹੋ ਗਿਆ ਹੈ। ਸਾਡੇ ਲਈ ਦੋਵੇਂ (ਧਰਮ ਤੇ ਪਾਲਿਟਿਕਸ) ਇਕੱਠੇ ਠੀਕ ਹਨ, ਕਿਉਂਕਿ ਸਾਡਾ ਆਚਾਰ ਬਿਉਹਾਰ ਦੋਹਾਂ

*ਬਚਿਤ੍ਰ ਨਾਟਕ, ਅਧਿ: ੬ ਅੰਕ, ੨੯



www.AKJ.Org

ਹਾਲਤਾਂ ਵਿਚ ਹੀ ਧਰਮੀ ਹੋਣਾ ਲਾਜ਼ਮੀ ਹੈ, ਸੋ ਕੋਈ ਤੌਖਲਾ ਨਹੀਂ। ਅਸੀਂ ਜੇ ਆਪਣੇ ਲਈ ਹੱਕ ਮੰਗਣੇ ਹਨ, ਅਤੇ ਉਨ੍ਹਾਂ ਲਈ ਜੂਝਣਾ ਹੈ ਤਾਂ ਕੇਵਲ ਧਰਮੀ ਅਤੇ ਸਵੈ-ਸਨਮਾਨ ਵਾਲਾ ਜੀਵਨ ਜੀਣ ਲਈ ਹੀ। ਸਪੱਸ਼ਟ ਹੈ ਕਿ ਦੋਹਾਂ ਹਾਲਤਾਂ ਵਿਚ ਧਰਮ ਮੂਹਰੇ ਹੀ ਆਉਂਦਾ ਹੈ, ਜੋ ਸਾਡਾ ਧੁਰਾ ਹੈ, ਸਾਡੀ ਜਾਨ ਹੈ। ਇਹੀ ਸਾਡੀ ਪਤ ਹੈ, ਸਾਡੀ ਸ਼ਾਨ ਤੇ ਇੱਜ਼ਤ ਹੈ। ਅਸੀਂ ਰਾਜ ਕਰਾਂਗੇ ਤਾਂ ਭੀ ਇਸੇ ਮੰਤਵ ਨੂੰ ਮੁਖ ਰਖ ਕੇ ਕਿ ਉਸ ਵਿਚ ਧਰਮ ਪਰਧਾਨ ਹੋਵੇ, 'ਸਿੱਖੀ' ਵਧੇ ਫੁਲੇ। ਕੋਈ ਕਿਸੇ ਨਾਲ ਅਨਿਆਂ ਨਾ ਕਰ ਸਕੇ। ਖਾਲਸੇ ਦੀ ਛਤਰ-ਛਾਇਆ ਹੇਠ "ਸਭ ਸੁਖਾਲੀ ਵੁਠੀਆ"* ਵਾਲਾ ਸੁਖ ਆਪ ਲਈਏ ਤੇ ਹੋਰਨਾਂ ਨੂੰ ਦਈਏ।

ਹੁਣ ਸੋਚੀਏ ਕਿ ਜਦ ਅਸੀਂ ਹਰ ਹਾਲਤ ਵਿਚ 'ਧਰਮੀ ਖਾਲਸਾ' ਹੀ ਰਹਿਣਾ ਹੈ, ਸਤਿਗੁਰਾਂ ਦੀ ਦਰਸਾਈ ਜੀਵਨ-ਮਰਯਾਦਾ ਅਨੁਸਾਰ ਹੀ ਚਲਣਾ ਹੈ ਤਾਂ ਸਾਡਾ ਪਾਲਿਟਿਕਸ ਧਰਮੀ ਲੀਹਾਂ ਤੇ ਹੀ ਹੋਵੇਗਾ, ਅਥਵਾ ਧਰਮ ਦਾ ਹੀ ਇਕ ਅੰਗ ਹੋਵੇਗਾ ਤੇ ਕਿਸੇ ਹਾਲਤ ਵਿਚ ਵੀ ਧਰਮ ਨੂੰ ਨੁਕਸਾਨ ਨਹੀਂ ਪਹੁੰਚਾ ਸਕੇਗਾ, ਸਗੋਂ ਧਰਮ ਦੀ ਰਾਖੀ ਲਈ ਕੀਤੀ ਗਈ ਵਾੜ ਦਾ ਕੰਮ ਹੀ ਦਏਗਾ, ਜੋ ਕੌਮ ਨੂੰ ਅਧਰਮ ਅਤੇ ਅਧਰਮੀਆਂ ਦੇ ਹਮਲਿਆਂ ਤੋਂ ਬਚਾਏਗਾ। ਪਰ ਅਜ ਕਲ੍ਹ ਜੋ ਪਾਲਿਟਿਕਸ ਪੰਥ ਵਿਚ ਆ ਵੜਿਆ ਹੈ, ਉਸ ਦੀ ਆਪੋ-ਧਾਪੀ ਵਿਚ ਧਰਮ ਦੀ ਰਾਖੀ ਤਾਂ ਕਿਤੇ ਰਹੀ, ਧਰਮ ਦੀ ਗੱਲ ਹੀ ਨਿਬੜ ਗਈ ਹੈ। ਪਾਲਿਟਿਕਸ ਵਿਚ ਧਰਮ ਲਈ ਕੋਈ ਥਾਂ ਹੀ ਰਹੀ ਨਹੀਂ, ਧਰਮ ਦੇ ਚੰਨਣ-ਬੂਟੇ ਉਤੇ ਪਾਲਿਟਿਕਸ ਦੀ ਅਮਰ-ਵੇਲ ਐਸੀ ਫੈਲੀ ਹੈ ਜੋ ਧਰਮ ਦੀ ਕੋਮਲ ਪੱਤੀ ਕਿਧਰੇ ਨਜ਼ਰ ਆਉਣ ਜੋਗੀ ਛੱਡੀ ਹੀ ਨਹੀਂ। ਇਸ ਦਾ ਇਲਾਜ ਜੇ ਹੁਣ ਨਹੀਂ ਤਾਂ ਕਦੋਂ ਕਰਨਾ ਹੈ, ਖਾਲਸਾ ਜੀ ! ਜੋੜਾ ਪੈਰੀਂ ਪਾਈਦਾ ਹੈ, ਨਾ ਕਿ ਸਿਰ ਤੇ ਧਰੀਦਾ ਹੈ। ਪਾਲਿਟਿਕਸ ਧਰਮ ਦੀ ਸੇਵਾਦਾਰਨੀ ਸੀ, ਹੁਣ ਧਰਮ ਪਾਲਿਟਿਕਸ ਦੀ ਸੇਵਾ ਤੇ ਲਾ ਲਿਆ ਗਿਆ ਹੈ। ਭਾਵ ਵਾੜ ਖੇਤ ਨੂੰ ਖਾਣ ਲਗ ਪਈ ਹੈ। ਇਹ ਅਜਬ ਖੇਡ ਵਰਤ ਰਹੀ ਹੈ।

ਵਕਤ ਕਾਫ਼ੀ ਲੰਘ ਗਿਆ, ਹੁਣ ਹੋਰ ਗੁਆਉਣ ਦੀ ਗੁੰਜਾਇਸ਼ ਨਹੀਂ। ਪੰਥ-ਦਰਦੀ, ਧਰਮੀ ਜੀਊੜੇ, ਹੁਣ ਅੱਖਾਂ ਖੋਲ੍ਹ ਕੇ ਵੇਖਣ ਤੇ ਸੋਚਣ ਕਿ ਹੁਣ ਕੀ ਕਰਨਾ ਹੈ ? ਅਕਾਲੀ ਦਲ ਪੰਥ-ਸੇਵਾ ਲਈ ਬਣਿਆ ਸੀ, ਅੱਜ ਚਾਰ ਅਕਾਲੀ ਦਲ ਹੋ ਗਏ। ਹੁਣ ਪੰਥ ਦੇ ਧਰਮ-ਹਿਤਾਂ ਦੀ ਰਾਖੀ ਦੀ ਗੱਲ ਮੁੱਕ ਗਈ, ਹੁਣ ਤੇ ਆਪੋ ਆਪਣੇ ਦਲਾਂ ਦੀ ਰਾਖੀ ਦਾ ਫ਼ਿਕਰ ਹੈ। ਅੱਜ ਦੇ ਆਗੂ ਦੀਆਂ ਅੱਖਾਂ ਗੁਰੂ-ਵੇਹੜੇ ਵਿਚ ਖਿਲਰੇ ਕੂੜੇ ਨੂੰ ਨਹੀਂ ਦੇਖਦੀਆਂ, ਸਗੋਂ ਉਹ ਪੌੜੀ ਦੇ ਉਪਰਲੇ ਡੰਡੇ ਨੂੰ ਹੱਥ ਪਾਉਣ ਦੇ ਜਤਨ ਵਿਚ ਲਗੀਆਂ ਹੋਈਆਂ ਹਨ, ਜਿਸ ਤੇ ਚੜ੍ਹ ਕੇ ਉਪਰਲੀ ਕੁਰਸੀ ਤੇ ਬੈਠਣ ਦੀ ਝਾਕ ਹੈ। ਭਰਾ ਭਰਾ ਦਾ ਵੈਰੀ ਹੋ ਗਿਆ। ਅੱਜ ਦੇ ਪਾਲਿਟਿਕਸ ਵਿਚ ਇਕੋ ਭੁੱਖ ਹੈ, ਅਹੁਦੇ ਸੰਭਾਲਣ ਦੀ, ਕੁਰਸੀ ਦੀ, ਝੰਡੀਆਂ ਵਾਲੀਆਂ ਕਾਰਾਂ ਦੀ। ਇਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਭ ਕੁਝ ਦਾਅ ਤੇ ਲਾ ਦਿਤਾ ਗਿਆ ਹੈ। ਜੇ ਇਹ ਖੇਡ ਇਸੇ ਤਰ੍ਹਾਂ ਜਾਰੀ ਰਹੀ ਤਾਂ ਧਰਮ ਜੋ ਪਾਲੇਟਿਕਸ ਦੇ ਧਕੇ-ਧੋੜਿਆਂ ਨਾਲ ਅਧਮੋਇਆ ਹੋਇਆ ਪਿਆ ਹੈ, ਉਸ ਦਾ ਭੋਗ ਪੈ ਜਾਵੇਗਾ। ਕੋਈ ਪੁਛੇ ਧਰਮ-ਪਰਚਾਰ ਦੀਆਂ ਸਟੇਜਾਂ, ਗੁਰੂ ਦਰਾਂ ਤੇ ਦੀਵਾਨਾਂ ਵਿਚ ਧਰਮ ਦੇ ਨਾਂ ਤੇ ਇਕੱਤਰ ਕੀਤੀਆਂ ਸੰਗਤਾਂ, ਤੇ ਸੰਗਤਾਂ ਵਲੋਂ ਭੇਟ ਕੀਤੀ ਮਾਇਆ, ਮਤਲਬ ਸਭ ਕੁਝ ਨਿਜੀ ਲਾਭ ਹਿਤ, ਅਥਵਾ ਪਾਲਿਟਿਕਸ ਲਈ ਹੀ ਵਰਤਣੇ ਹਨ ਤਾਂ ਫਿਰ ਧਰਮ-ਪਰਚਾਰ ਲਈ ਕਿਹੜੀ ਥਾਂ ਰਹਿ ਗਈ ?

ਸਾਡੀ ਨਿੱਕੀ ਪਨੀਰੀ ਤੀਖਣ ਬੁੱਧੀ ਵਾਲੀ ਹੈ, ਉਹ ਗਹੁ ਕਰ ਕੇ ਵੱਡਿਆਂ ਦੀ ਖ਼ੁਦਗ਼ਰਜ਼ੀ ਭਰੀ ਕਰਨੀ-ਕਰਤੂਤ ਵਲ ਦੇਖ ਕੇ ਸ਼ਰਮਸਾਰ ਹੋ ਰਹੀ ਹੈ। ਫਲ-ਸਰੂਪ ਉਹ ਧਰਮ ਤੋਂ ਉਦਾਸ ਹੋ ਕੇ, ਧਰਮ ਤੋਂ ਹੀ ਮੂੰਹ ਮੋੜ ਰਹੀ ਹੈ। ਇਹ ਕਸੂਰ ਕਿਸ ਦਾ ਹੈ ? ਨਿਸਚੇ ਸਾਡੇ ਪਾਲਿਟਿਕਸ ਦੇ ਹੱਥ ਵਿਕੇ ਹੋਏ ਧਾਰਮਕ ਆਗੂਆਂ ਦਾ। ਸਮਾਂ ਪੁਕਾਰ ਰਿਹਾ ਹੈ, ਆਪਣਾ ਫ਼ਰਜ਼ ਪਛਾਣੋ, ਡੁਲ੍ਹਿਆਂ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ।

---

*ਸਿਰੀ ਰਾਗੁ ਮ: ੫, ਪੰਨਾ ੭੩



www.AKJ.Org

# ਬਿਨੁ ਸਤਿਗੁਰ ਭੇਟੇ ਸਭ ਫਿਰੈ ਅਹੰਕਾਰੀ

[ਵਲੋਂ—ਗੁਰਪੁਰ ਵਾਸੀ ਮਾਸਟਰ ਜੁਗਿੰਦਰ ਸਿੰਘ ਜੀ ਬਡੂੰਦੀ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਦੌਰਾਨ ਵਿਚ ਭਾਈ ਸਵਾਈ ਸਿੰਘ ਜੀ ਦੇ ਪ੍ਰਸ਼ਨਾਂ ਦਾ ਉਤਰ ਗੁਰਬਾਣੀ ਦੇ ਅਧਾਰ ਤੇ ਮਾਸਟਰ ਜੋਗਿੰਦਰ ਸਿੰਘ ਜੀ ਦੱਸ ਰਹੇ ਹਨ ਕਿ ਮਨਮੁਖ, ਸਤਿਗੁਰੂ ਨੂੰ ਭੇਟੇ ਤੋਂ ਬਿਨਾਂ ਠੀਕ ਰਾਹ ਤੇ ਆ ਹੀ ਨਹੀਂ ਸਕਦੇ—

**ਦੁਰਮਤੀਏ :** ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥੨॥ (੨੬) (੩੧੪)

ਮਨਮੁਖ ਭਾਵੇਂ ਕਿਤਨੇ ਭੀ ਸਿਆਣੇ ਕਿਉਂ ਨ ਬਣੇ ਫਿਰਨ, ਓਹਨਾਂ ਦਾ ਹੰਕਾਰ, ਅਗਿਆਨ ਅਤੇ ਖੋਟੀ ਮੱਤ ਦੂਰ ਨਹੀਂ ਕੀਤੇ ਜਾ ਸਕਦੇ, ਕਿਉਂਜੁ ਅਸਲ ਮੱਤ ਬੁਧਿ ਸਿਆਣਪ ਦਾ ਦਾਤਾ ਤਾਂ ਸਤਿਗੁਰੂ ਹੈ। ਸਤਿਗੁਰ ਨੂੰ ਭੇਟੇ ਬਿਨਾਂ ਹੰਕਾਰ ਦੂਰ ਹੋਣਾ ਅਸੰਭਵ ਹੈ, ਉਂਜ ਆਪਣੇ ਭਾਣੇ ਭਾਵੇਂ ਸਾਰਾ ਸੰਸਾਰ ਪੰਡਿਤ ਅਖਵਾਉਂਦਾ ਫਿਰੇ। ਯਥਾ ਗੁਰਵਾਕ—

ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰ ਭੇਟੇ ਸਭ ਫਿਰੈ ਅਹੰਕਾਰੀ ॥੬॥੩॥ (੪੧੩)

**ਬੇਮਤੇ :** ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ ॥
ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ ॥੩॥੫॥ (੬੦੧)

ਮਨਮੁਖ ਆਪਣੀ ਖੋਟੀ ਮੱਤ ਦੇ ਅਧੀਨ ਆਪਣੇ ਆਪ ਨੂੰ ਸਭ ਤੋਂ ਚੰਗੇ ਸਮਝਦੇ ਹਨ। ਸਗੋਂ ਆਪਣੀ ਖੋਟੀ ਮੱਤ ਹੋਰਨਾਂ ਨੂੰ ਦਿੰਦੇ ਫਿਰਦੇ ਹਨ। ਇਥੋਂ ਤੀਕ ਕਿ ਸਾਧੂ ਰੂਪ ਪੂਰੇ ਸਤਿਗੁਰੂ ਦੀ ਪੂਰੀ ਗੁਰਮਤਿ ਤੇ ਭੀ ਟੀਕਾ-ਟਿਪਣੀ ਕਰਨੋਂ ਨਹੀਂ ਟਲਦੇ। ਐਸੇ ਮੰਦ-ਭਾਗੀ ਮਨਮੁਖਾਂ ਨੂੰ ਕਈ ਵਾਰੀ ਕਹਿੰਦੇ ਸੁਣਿਆ ਹੈ ਕਿ ਘੜੀ ਮੁੜੀ ਮੁੜ ਮੁੜ ਉਹੀ ਬਾਣੀ ਨਿਤ ਨਿਤ ਪੜ੍ਹਨ ਅਤੇ ਸਾਸਿ ਗਿਰਾਸਿ ਨਾਮ ਜਪਣ ਦਾ ਕੀ ਲਾਹਾ ਹੈ ? ਦਰ-ਅਸਲ ਮਨਮੁਖਾਂ ਨੂੰ ਕੋਈ ਮੱਤ ਹੀ ਨਹੀਂ, ਤਾਹੀਓਂ ਓਹ ਅਮੋਲਕ ਮਨੁਖਾ ਜਨਮ ਨੂੰ ਹਾਰ ਕੇ ਚਲਦੇ ਬਣਨਗੇ। ਸਤਿਗੁਰੂ ਦਇਆਲ ਹੋਵੇ ਤਾਂ ਅਸਲ ਮਤਿ ਬੁਧਿ ਓਹਨਾਂ ਨੂੰ ਮਿਲੇ। ਯਥਾ ਗੁਰਵਾਕ—

ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ ॥
ਜਉ ਹੋਇ ਦੈਆਲ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ॥੧॥੧੫੩॥ (੨੧੩)

**ਬੇਪਤੇ :** ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥
ਮਨਮੁਖਿ ਹਉਮੈ ਪਤਿ ਗਵਾਈ ॥੫॥੪॥ (੮੩੧)

ਸਾਰਾ ਜਹਾਨ ਆਪਣਾ ਚੁੰਚ ਗਿਆਨ ਛਾਂਟਦਾ ਫਿਰਦਾ ਹੈ ਤੇ ਜਣਾ ਕਣਾ ਹੀ ਗਿਆਨੀ ਬਣਿਆ ਫਿਰਦਾ ਹੈ। ਕਿਸੇ ਨੂੰ ਇਹ ਪਤਾ ਹੀ ਨਹੀਂ ਕਿ ਗਿਆਨ ਕੀ ਹੁੰਦਾ ਹੈ ਤੇ ਗਿਆਨੀ ਕਿਸ ਨੂੰ ਆਖਦੇ ਹਨ। ਸੋਝੀ ਤਾਂ ਪਵੇ ਜੇ ਉਹ ਸਤਿਗੁਰੂ ਦੀ ਮੱਤ ਨੂੰ ਧਾਰਨ ਕਰਨ। ਯਥਾ ਗੁਰਵਾਕ—

ਐਸਾ ਗਿਆਨੁ ਪਦਾਰਥੁ ਨਾਮੁ ॥ ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ਰਹਾਉ॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ ॥੩॥ (੮੩੧)

ਤਾਂ ਤੇ ਸਿੱਧ ਹੋਇਆ ਕਿ ਐਸੇ ਕਹੌਤੀ ਗਿਆਨੀਆਂ ਦੀ ਅਗੇ ਜਾ ਕੇ ਜ਼ਰੂਰ ਹੀ ਬੇਪਤੀ ਹੋਊ।



www.AKJ.Org

**ਬੇਗਤੇ :** ਮਨਮੁਖ ਮਰਹਿ ਮਰਿ ਬਿਗਤੀ ਜਾਹਿ ॥੮॥ (੮੪੨)

ਅਤੇ— ਜਮਦਰਿ ਬਾਧਾ ਚੋਟਾ ਖਾਹਿ ॥੮॥ (੮੪੧)

ਮਨਮੁਖਾਂ ਨੂੰ ਮੁਕਤੀ ਕਿਥੋਂ ਮਿਲਣੀ ਹੋਈ ? ਓਹ ਤਾਂ ਮਰ ਕੇ ਬੇਗਤੇ ਹੀ ਜਮ-ਦਰ ਬੱਧੇ ਚੋਟਾਂ ਖਾਂਦੇ ਰਹਿਣਗੇ । ਮਨਮੁਖ ਤਾਂ ਕੀਹਦੇ ਵਿਚਾਰੇ ਹਨ, ਜਮ ਦਾ ਡਰ ਤਾਂ ਇੰਦਰ ਆਦਿਕ ਦੇਵਤਿਆਂ ਦਾ ਭੀ ਦੂਰ ਨਹੀਂ ਹੋ ਸਕਿਆ । ਮੁਕਤੀ ਦਾ ਦਾਤਾ ਕੇਵਲ ਸਤਿਗੁਰੂ ਹੈ, ਹੋਰ ਕੋਈ ਨਹੀਂ । ਯਥਾ ਗੁਰਵਾਕ—

ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ ॥ ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥
ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ ॥੧੧॥ (੧੦੪੯)

ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥
ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥੭॥੨੫॥ (੭੦)

**ਬੇ-ਮਾਰਗੀਏ :** ਮਨਮੁਖਿ ਭਰਮਿ ਭਵੈ ਬੇਬਾਣਿ ॥
ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥੨੬॥ (੯੪੧)

ਮਨਮੁਖ ਭਰਮਾਂ ਦੇ ਬੱਧੇ ਹੋਏ ਮੜ੍ਹੀਆਂ ਮਸਾਣਾਂ ਵਿਖੇ ਮੰਤਰਾਂ ਜੰਤਰਾਂ ਵਿਚ ਫਸੇ ਹੋਏ, ਪਏ ਭਟਕਦੇ ਫਿਰਦੇ ਹਨ । ਮਨਮੁਖਾਂ ਨੂੰ ਚੂੰਕਿ ਅਸਲੀ ਮਾਰਗ ਦਾ ਹੀ ਥਹੁ ਨਹੀਂ, ਇਸ ਲਈ ਓਹ ਆਪਣੇ ਅਸਲੀ ਠਿਕਾਣੇ ਤੇ ਉੱਕਾ ਹੀ ਨਹੀਂ ਪੁਜ ਸਕਦੇ । ਸੱਚੀ ਗੱਲ ਤਾਂ ਇਹ ਹੈ ਕਿ ਬਿਨਾਂ ਸਤਿਗੁਰੂ ਤੋਂ ਅਸਲ ਮਾਰਗ ਦਾ ਕਿਸੇ ਨੂੰ ਭੀ ਥਹੁ-ਪਤਾ ਨਹੀਂ । ਤਾਹੀਂ ਤਾਂ ਐਸੇ ਅੰਨ੍ਹੇ ਪੁਰਸ਼ਾਂ ਦੀ ਅਗੇ ਬੇਪਤੀ ਹੁੰਦੀ ਹੈ, ਤੇ ਓਹਨਾਂ ਨੂੰ ਠਿਕਾਣਾ ਤਾਂ ਕਿਥੋਂ ਮਿਲਣਾ ਸੀ । ਜੈਸੇ ਗੁਰਵਾਕ—

ਪੇਈਅੜੈ ਜਗਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥
ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ ॥੪॥੧੮॥ (੬੫)

**ਬੇਤਾਲੇ :** ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥
ਮਨਮੁਖ ਅੰਧੇ ਫਿਰਹਿ ਬੇਤਾਲੇ ॥੭॥੧੪॥ (੧੧੭)

ਨਾਮ ਤੱਤ ਵਸਤੂ ਇਸ ਪ੍ਰਾਣੀ ਦੇ ਅੰਦਰੋਂ ਮਿਲਣੀ ਹੈ, ਜੋ ਲੱਭੀ ਕੇਵਲ ਸਤਿਗੁਰੂ ਰਾਹੀਂ ਹੀ ਜਾ ਸਕਦੀ ਹੈ । ਕਮਲੇ, ਅੰਨ੍ਹੇ ਮਨਮੁਖ ਬੇਤਾਲੇ ਹੋਏ ਇਸ ਵਸਤੂ ਨੂੰ ਬਾਹਰ ਲਭਦੇ ਫਿਰਦੇ ਹਨ । ਪਏ ਫਿਰੀ ਜਾਣ ਸਾਰੀ ਉਮਰ, ਆਪੇ ਬੈਠ ਜਾਣਗੇ ਹਾਰ-ਹੰਭ ਕੇ । ਨਾਮ ਰੂਪੀ ਧਨ ਤਾਂ ਸੇਵਾ ਭਾਵ ਨਾਲ ਸਤਿਗੁਰੂ ਪਾਸੋਂ ਹੀ ਮਿਲ ਸਕਦਾ ਹੈ, ਪਰੰਤੂ ਕਰਮ-ਹੀਣ ਪੁਰਸ਼ ਸਤਿਗੁਰੂ ਛਡ ਕੇ ਦੇਸਾਂ-ਦਿਸਾਂਤਰਾਂ ਵਿਚ ਇਸ ਪਦਾਰਥ ਲਈ ਭਰਮਦੇ ਭਟਕਦੇ ਫਿਰਦੇ ਹਨ । ਯਥਾ ਗੁਰਵਾਕ—

ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ
ਤਿਥਹੁ ਕਰਮਹੀਣ ਲੈ ਨ ਸਕਹਿ
ਹੋਰਥੈ ਦੇਸ ਦਿਸੰਤਰਿ ਹਰਿ ਧਨੁ ਨਾਹਿ ॥੮॥ (੮੫੨-੫੩)

**ਉਝੜਪੰਥੀਏ :**

ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥
ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲ ਰਾਮ ਜੀਉ ॥
ਕੂੜ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥



www.AKJ.Org

ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥੩॥ (੭੭੩)

ਰੱਬ ਦੇ ਰਸਤੇ ਨੂੰ ਦਿਖਾਉਣ ਵਾਲਾ ਬਿਨਾਂ ਸਤਿਗੁਰੂ ਤੋਂ ਹੋਰ ਕੋਈ ਨਹੀਂ, ਇਹ ਗੁਰਮਤਿ ਦਾ ਅਟੱਲ ਫ਼ੈਸਲਾ ਹੈ। ਮਨਮੁਖ ਸਤਿਗੁਰੂ ਅਗੇ ਢਹਿੰਦੇ ਨਹੀਂ। ਓਹ ਤਾਂ ਲੋਭ ਲਾਲਚ ਦੇ ਕਾਰਨ ਝੂਠੇ ਧਨ ਪਿਛੇ ਨੱਠ ਕੇ ਹੀ ਸਾਰੀ ਉਮਰ ਬਿਤਾ ਜਾਂਦੇ ਹਨ। ਐਥੇ ਭੀ ਐਸੇ ਦੁਖੀਆਂ ਨੂੰ ਖਿਨ ਖਿਨ ਧੱਕੇ ਤੇ ਅਗੇ ਭੀ ਜਮਾਂ ਦੇ ਠੇਂਗੇ, ਜੋ ਸਹਿਣੇ ਬੜੇ ਔਖੇ ਹਨ। ਜੈਸਾ ਗੁਰਵਾਕ ਹੈ–

ਕਬੀਰ ਜਮ ਕਾ ਠੇਂਗਾ (ਧੱਕਾ) ਬੁਰਾ ਹੈ ਓਹੁ ਨਹੀ ਸਹਿਆ ਜਾਇ ॥
ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ ॥੭੮॥ (੧੩੬੮)

**ਅੰਧ ਅਗਿਆਨੀ :** ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥
ਗੁਰ ਸਬਦੀ ਖੋਲਾਈਅਨਿ ਹਰਿ ਨਾਮੁ ਜਪਾਨੀ ॥੧੪॥ (੫੧੪)

ਮਨਮੁਖਾਂ ਅੰਨ੍ਹਿਆਂ ਅਗਿਆਨੀਆਂ ਨੂੰ ਕੀ ਪਤਾ ਹੈ ਕਿ ਓਹਨਾਂ ਦੇ ਦੇਹੀ ਰੂਪੀ ਕਿਲ੍ਹੇ ਦੇ ਅੰਦਰਵਾਰ ਹੀ ਝੂਠ, ਫ਼ਰੇਬ ਤੇ ਹੰਕਾਰ ਰੂਪੀ ਪੱਥਰ ਵਰਗੇ ਕਰੜੇ ਬੂਹੇ ਮੌਜੂਦ ਹਨ। ਓਹਨਾਂ ਭਰਮਿ ਭੁਲਾਣਿਆਂ ਨੂੰ ਓਹ ਦਿਸ ਭੀ ਨਹੀਂ ਸਕਦੇ, ਖੁਲ੍ਹਣੇ ਤਾਂ ਓਹਨਾਂ ਪਾਸੋਂ ਕੀ ਹਨ। ਭਾਵੇਂ ਅਨੇਕ ਭੇਖ ਧਾਰ ਕੇ ਸਾਰੀ ਉਮਰ ਅਨਿਕ ਪ੍ਰਕਾਰੀ ਉਪਾਵ ਪਏ ਕਰਦੇ ਫਿਰਨ। ਓਹ ਬਜਰ ਕਪਾਟ ਤਾਂ ਕੇਵਲ ਪੂਰੇ ਸਤਿਗੁਰੂ ਪਾਸੋਂ ਸ਼ਬਦ ਗੁਰ-ਮੰਤ੍ਰ ਦੀ ਪ੍ਰਾਪਤੀ ਕਰ ਕੇ, ਨਾਮ ਜਪਣ ਨਾਲ ਹੀ ਖੁਲ੍ਹਦੇ ਹਨ, ਤਾਂ ਕਿਤੇ ਜਾ ਕੇ ਦਸਮ ਦੁਆਰਾ ਪ੍ਰਗਟ ਹੁੰਦਾ ਹੈ ਅਤੇ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੁੰਦੇ ਹਨ।

**ਅੰਧ-ਗੁਬਾਰੀਏ :** ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥
ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥੧॥ (੯) (੬੪੬)

ਗੁਰਮਤਿ ਨਾਮ ਤੋਂ ਬਿਨਾਂ ਸਾਰਾ ਸੰਸਾਰ ਭਰਮਦਾ ਭਟਕਦਾ ਫਿਰਦਾ ਹੈ। ਮਨਮੁਖਾਂ ਦੇ ਸਮੂਹ ਕਰਮਾਂ ਦੀ ਨੀਂਹ ਹਉਮੈ ਹੰਕਾਰ ਤੇ ਹੀ ਹੁੰਦੀ ਹੈ। ਓਹਨਾਂ ਦੇ ਕੀਤੇ ਅਨਿਕ ਪ੍ਰਕਾਰੀ ਕਰਮ ਧਰਮ ਸਭ ਨਿਸਫਲ ਹੀ ਜਾਂਦੇ ਹਨ। ਓਹਨਾਂ ਨੂੰ ਲਾਹਾ ਕਿਵੇਂ ਮਿਲ ਸਕਦਾ ਹੈ ? ਓਹ ਤਾਂ ਸਦਾ ਘਾਟੇ ਦੇ ਭਾਗੀ ਹੀ ਬਣਦੇ ਹਨ। ਓਹਨਾਂ ਦੇ ਸਾਰੇ ਕਰਮ ਧਰਮ ਨਿਗੁਰੇ ਹੋਣ ਕਰਕੇ ਕੱਲਰਾਂ ਵਿਚ ਬੀਜ ਪਾਉਣ ਵਾਲੀ ਗੱਲ ਹੁੰਦੀ ਹੈ, ਕਿਉਂਕਿ ਸਤਿਗੁਰੂ ਬਾਝਹੁ ਸਭ ਅੰਨ੍ਹੇਰ ਖਾਤਾ ਹੀ ਹੈ। ਜੈਸੇ ਗੁਰ ਫੁਰਮਾਨ ਹੈ–

ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੂਏ ਬਿਨੁ ਪਾਣੀ ॥੬॥ (੧੨੭੫)

**ਕਠੋਰ-ਚਿਤੇ :** ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥ (੭੫੫)

ਮਨਮੁਖਾਂ ਦੇ ਚਿਤ ਅੱਤੀ ਮੈਲੇ, ਕਰੜੇ ਅਤੇ ਅਣਭਿੱਜ ਪੱਥਰ ਦੀ ਨਿਆਈਂ ਹੁੰਦੇ ਹਨ। ਓਹਨਾਂ ਦਾ ਸੁਭਾਉ ਸੱਪ ਵਰਗਾ ਹੀ ਬਣ ਜਾਂਦਾ ਹੈ, ਜੋ ਦੁੱਧ ਪੀਆਉਣ ਵਾਲੇ ਨੂੰ ਭੀ ਡੰਗ ਮਾਰਨੋਂ ਨਹੀਂ ਟਲਦਾ। ਜਿਵੇਂ ਸੱਪ ਦੀ ਅੰਦਰਲੀ ਵਿਸ ਕਦੇ ਦੂਰ ਨਹੀਂ ਹੁੰਦੀ ਇਸੀ ਪਰਕਾਰ ਮਨਮੁਖ ਭੀ ਆਪਣੀ ਅੰਦਰਲੀ ਵਿਸ ਨੂੰ ਦੂਰ ਨਹੀਂ ਕਰ ਸਕਦੇ। ਹਾਂ, ਵਿਹੁ ਅੰਦਰ ਡੁਬ ਕੇ ਮਰ ਰਹੇ ਮਨਮੁਖਾਂ ਨੂੰ ਬਾਹੋਂ ਫੜ ਕੇ ਕੇਵਲ ਸਤਿਗੁਰੂ ਹੀ ਕੱਢ ਸਕਦਾ ਹੈ। ਜੈਸੇ ਕਿ ਫੁਰਮਾਨ ਹੈ–



www.AKJ.Org

ਗੁਰ ਸਤਿਗੁਰਿ ਨਾਮੁ ਦ੍ਰਿੜਾਇਓ ਹਰਿ ਹਰਿ, ਹਮ ਮੁਏ ਜੀਵੇ ਹਰਿ ਜਪਿਭਾ ॥
ਧਨੁ ਧੰਨੁ ਗੁਰੂ ਗੁਰੁ ਸਤਿਗੁਰੁ ਪੂਰਾ ਬਿਖੁ ਡੁਬਦੇ ਬਾਹ ਦੇਇ ਕਢਿਭਾ ॥੧॥ (੧੩੩੭)

**ਫੋਕਟ-ਕਰਮੀਏ** :

ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ ॥
ਫੋਕਟ ਕਰਮ ਕਰਹਿ ਅਭਿਮਾਨੀ ਮਨਮੁਖਿ ਅੰਧ ਕਹਾਵਥ ॥੨॥ (੧੦੦੧)

ਹੰਕਾਰੀ ਅੰਨ੍ਹੇ ਮਨਮੁਖਾਂ ਦੇ 'ਮੈਂ ਮੈਂ' ਕਰਦਿਆਂ ਦੇ ਕੀਤੇ ਸਾਰੇ ਕਰਮ ਧਰਮ ਨਿਸਫਲ ਜਾਂਦੇ ਹਨ। ਜਾਣ ਭੀ ਕਿਉਂ ਨਾ, ਓਹ ਧਰਤੀ ਨੂੰ ਆਸਰਾ ਦੇਣ ਵਾਲੇ ਸੱਚੇ ਵਾਹਿਗੁਰੂ ਦੀ ਨਿਰਗੁਣੀ ਪੂਜਾ ਨੂੰ ਛਡ ਕੇ ਨਾਮ-ਹੀਣੇ ਨੀਚ ਕੁਲ ਦੇ ਦੇਵੀ-ਦੇਵਤਿਆਂ ਦੀ ਪੂਜਾ ਮਗਰ ਲਗ ਤੁਰੇ ਹਨ।

**ਫਿਕ-ਮਤੀਏ** : ਲਾਲੇ ਗੋਲੇ ਮਤਿ ਖਰੀ ਗੁਰ ਕੀ ਮਤਿ ਨੀਕੀ ॥
ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ ॥੪॥ (੧੦੧੧)

ਗੁਰੂ ਦੀ ਮਤਿ ਸਦਾ ਚੰਗੇਰੀ ਅਤੇ ਨਿਰਮਲ ਹੋਣ ਕਰਕੇ ਉਸ ਦੇ ਸੇਵਕਾਂ ਦੀ ਮਤਿ ਭੀ ਖਰੀ ਵਧੀਆ ਹੋ ਜਾਣੀ ਹੋਈ, ਕਿਉਂਕਿ ਓਹਨਾਂ ਦੀ ਸੁਰਤੀ ਬਿਰਤੀ ਸਦਾ ਨਾਮ ਵਿਚ ਹੀ ਲਗੀ ਰਹਿਣੀ ਹੋਈ। ਇਸ ਤੋਂ ਉਲਟ ਮਨਮੁਖਾਂ ਸਾਕਤਾਂ ਦੀ ਅਤਿ ਫਿਕੇ ਬੋਲ ਬੋਲਣ ਕਰਕੇ ਸਦਾ ਫੀਕੀ ਹੀ ਰਹਿਣੀ ਹੋਈ। ਐਸੇ ਦੁਰਮਤੀਏ ਭਾਗਹੀਣ ਮਨਮੁਖਾਂ ਨੂੰ ਨਾਮ ਭਾਉਂਦਾ ਹੀ ਨਹੀਂ, ਓਹ ਤਾਂ ਕਾਵਾਂ ਦੀ ਨਿਆਈਂ ਚੁਗਲੀ ਨਿੰਦਿਆ ਰੂਪੀ ਵਿਸ਼ਟਾ ਖਾ ਕੇ ਹੀ ਪ੍ਰਸੰਨ ਰਹਿੰਦੇ ਹਨ। ਯਥਾ ਗੁਰਵਾਕ–

ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥
ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥੩॥੨॥ (੪੯੩)

**ਕੱਚ-ਬੁੱਧੀਏ** : ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥
ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ ॥੩॥੧॥ (੧੨੩੩)

ਪਾਣੀ ਦੀ ਨਿਆਈਂ ਡੋਲਦੇ ਮਨ ਵਾਲਾ, ਕੱਚੀ ਤੇ ਫਿਕੀ ਕੁਮੱਤੜੀ ਵਾਲਾ ਅਗਿਆਨੀ ਮਨਮੁਖ ਗੁਰੂ ਦੀ ਅਕੱਥ ਕਹਾਣੀ ਵਾਲੀ ਸੱਚੀ ਸੁੱਚੀ ਬੁਝਾਰਤ ਨੂੰ ਕੈਸੇ ਬੁਝ ਸਕਦਾ ਹੈ ? ਇਸ ਬੁਝਾਰਤ ਨੂੰ ਤਾਂ ਗੁਰੂ ਦੀ ਅੰਮ੍ਰਿਤ ਮਈ ਬਾਣੀ ਨੂੰ ਅਸਲ ਅਰਥਾਂ ਵਿਚ ਗੁਰੂ ਰੂਪ ਮੰਨਣ ਵਾਲੇ ਗੁਰ-ਮੱਤੀਏ ਗੁਰਮਖਿ ਪਿਆਰੇ ਗੁਰੂ ਕੇ ਲਾਲ ਹੀ ਸਾਸਿ ਗਿਰਾਸਿ ਨਾਮ ਅਭਿਆਸ ਕਮਾਈ ਦੁਆਰਾ ਹੀ ਬੁਝਣ ਦੇ ਸਮਰੱਥ ਹਨ, ਜਿਨ੍ਹਾਂ ਨੇ ਗੁਰੂ ਦੀ ਨਿਹਚਲ ਮਤਿ ਧਾਰਨ ਕਰ ਕੇ ਗੁਰ-ਸ਼ਬਦ ਦੁਆਰਾ ਹਰੀ ਨੂੰ ਆਪਣੇ ਮਨ ਵਿਚ ਹੀ ਵਸਾ ਲਿਆ।

**ਚੰਚਲ-ਮੱਤੀਏ** : ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥੧੯॥ (੧੪੧੪)

ਮਨਮੁਖ ਆਪਣੇ ਭਾਣੇ ਬੜੇ ਸਿਆਣੇ ਤੇ ਚਤੁਰ ਹਨ, ਕਿਉਂਕਿ ਆਪਣੀਆਂ ਚਤੁਰਾਈਆਂ ਸਿਆਣਪਾਂ ਨਾਲ ਬਹੁ ਪ੍ਰਕਾਰੀ ਠਗੀਆਂ ਰਚ ਕੇ ਜਹਾਨ ਨੂੰ ਲੁੱਟ ਪੁੱਟ ਲੈਂਦੇ ਹਨ। ਦਰ-ਅਸਲ ਲੁੱਟੇ ਪੁੱਟੇ ਓਹ ਆਪ ਜਾਂਦੇ ਹਨ, ਕਿਉਂਕਿ ਅਖ਼ੀਰ ਨੂੰ ਓਹਨਾਂ ਦੀਆਂ ਚਤੁਰਾਈਆਂ ਸਿਆਣਪਾਂ ਸਭ ਬਿਰਥੀਆਂ ਜਾਣੀਆਂ ਹਨ। ਇਤ ਤਿਲ ਭੀ ਥਾਂਇ ਨਹੀਂ ਪੈਣੀਆਂ। ਯਥਾ ਗੁਰਵਾਕ–

ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ ॥
ਜਬ ਆਣੈ ਵਲਵੰਚ ਕਰਿ ਝੂਠੁ,ਤਬ ਜਾਣੈ ਜਗੁ ਜਿਤੀਆ ॥੧॥
ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ ॥
ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ ॥ਰਹਾਉ॥ (੭੨੩)



www.AKJ.Org

## ਦੋ ਘਟਨਾਵਾਂ

# ਸਿਦਕ ਦੇ ਬੇੜੇ ਪਾਰ

[ਸ: ਸਰੂਪ ਸਿੰਘ ਜੀ 'ਅਲਗ' ਭਾਸ਼ਾ ਅਫ਼ਸਰ, ਬਿਜਲੀ ਬੋਰਡ, ਪਟਿਆਲਾ]

ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥੮॥੧੫॥
ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥੨॥੮॥
[ਗਉੜੀ ਸੁਖਮਨੀ ਮਹਲਾ ੫

ਜਿਨ ਕਉ ਮਨ ਕੀ ਪਰਤੀਤ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ ॥੧॥ (੧੨)
[ਵਾਰ ਸੋਰਠ, ਸਲੋਕ ਮ: ੩, ਪੰਨਾ ੬੪੭

ਇਕ ਵਾਰੀ ਇਕ ਪਰਚਾਰਕ ਬੜੇ ਜ਼ੋਰ-ਜ਼ੋਰ ਨਾਲ ਅਕਾਲ ਪੁਰਖ ਵਿਚ ਨਿਸਚਾ ਰਖਣ ਬਾਰੇ ਵਿਖਿਆਨ ਕਰ ਰਿਹਾ ਸੀ ਅਤੇ ਉਚੀ-ਉਚੀ ਕਹਿ ਰਿਹਾ ਸੀ ਕਿ ਜਿਸ ਨੇ ਉਸ ਵਾਹਿਗੁਰੂ ਵਿਚ ਭਰੋਸਾ ਰਖਿਆ ਹੈ ਉਹ ਉਸ ਦਾ ਨਾਂ ਲੈ ਕੇ ਭਵ ਸਾਗਰ ਤੋਂ ਤਰ ਕੇ ਪਾਰ ਹੋ ਸਕਦਾ ਹੈ। ਜਿਸ ਨੂੰ ਇਸ ਬਾਰੇ ਯਕੀਨ ਨਾ ਹੋਵੇ ਉਹ ਕਰ ਕੇ ਅਜ਼ਮਾ ਲਵੇ। ਪਿੰਡ ਤੋਂ ਸ਼ਹਿਰ ਵਿਚ ਦੁਧ ਵੇਚਣ ਆਈ ਗਵਾਲਣ ਦੇ ਕੰਨੀਂ ਇਹ ਸ਼ਬਦ ਪਏ, ਉਸ ਨੇ ਇਨ੍ਹਾਂ ਨੂੰ ਆਪਣੇ ਹਿਰਦੇ ਵਿਚ ਸਮੋ ਲਿਆ ਤੇ ਰੋਮ-ਰੋਮ ਵਿਚ ਇਹ ਗੱਲ ਰਚਾ ਲਈ। ਇਕ ਦਿਨ ਦਰਿਆ ਬਹੁਤ ਚੜ੍ਹਿਆ ਹੋਇਆ ਸੀ ਅਤੇ ਜਦ ਉਹ ਪਰਚਾਰਕ ਦੇ ਘਰ ਦੁੱਧ ਦੇਣ ਪਹੁੰਚੀ ਤਾਂ ਉਸਨੇ ਉਸ ਤੋਂ ਪੁਛਿਆ ਕਿ ਅਜ ਤਾਂ ਦਰਿਆ ਬਹੁਤ ਚੜ੍ਹਿਆ ਹੋਇਆ ਹੈ, ਤੂੰ ਦੁਧ ਦੇਣ ਪਿੰਡ ਤੋਂ ਕਿਵੇਂ ਆਈ ਏਂ ਤਾਂ ਗਵਾਲਣ ਨੇ ਕਿਹਾ, "ਠੀਕ ਹੈ ਦਰਿਆ ਬਹੁਤ ਚੜ੍ਹਿਆ ਹੋਇਆ, ਸੀ ਪਰ ਉਸ ਦਿਨ ਤੁਸੀਂ ਵਿਖਿਆਨ ਵਿਚ ਕਹਿ ਰਹੇ ਸੀ ਕਿ ਵਾਹਿਗੁਰੂ ਦਾ ਨਾਂ ਨਿਸਚੇ ਨਾਲ ਲੈ ਕੇ ਸਾਗਰ ਤਰਿਆ ਜਾ ਸਕਦਾ ਹੈ, ਮੈ ਉਸੇ ਵਾਹਿਗੁਰੂ ਦਾ ਨਾਂ ਲੈ ਕੇ ਦਰਿਆ ਵਿਚ ਛਾਲ ਮਾਰ ਦਿੱਤੀ ਤੇ ਦਰਿਆ ਤਰ ਆਈ।" ਪਰਚਾਰਕ ਗੱਲ ਸੁਣ ਕੇ ਹੈਰਾਨ ਹੋ ਗਿਆ, ਉਸਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਇਵੇਂ ਵੀ ਹੋ ਸਕਦਾ ਹੈ। ਉਹ ਦਿਲ ਹੀ ਦਿਲ ਵਿਚ ਗਵਾਲਣ ਦੀ ਮੂਰਖਤਾ ਤੇ ਹੈਰਾਨ ਹੋ ਰਿਹਾ ਸ਼ੀ ਪਰ ਆਪਣੇ ਆਪ ਤੇ ਜ਼ਬਤ ਕਰਕੇ ਉਸ ਨੇ ਉਸ ਤੋਂ ਪੁਛਿਆ ਕਿ ਹੁਣ ਵਾਪਸ ਕਿਵੇਂ ਜਾਏਂਗੀ ? ਉਸਨੇ ਉਤਰ ਵਿਚ ਫਿਰ ਉਹੀ ਕਿਹਾ ਕਿ ਵਾਹਿਗੁਰੂ ਦਾ ਨਾਂ ਲੈ ਕੇ ਦਰਿਆ ਤਰ ਜਾਵਾਂਗੀ। ਉਹ ਅਕਾਲ ਪੁਰਖ ਦੀ ਮਹਾਨਤਾ ਦੀ ਇਤਨੀ ਕਾਇਲ ਹੋ ਚੁਕੀ ਸੀ ਕਿ ਉਸਦੇ ਨਿਸਚੇ ਵਿਚ ਜ਼ਰਾ ਭਰ ਵੀ ਸ਼ੰਕਾ ਉਤਪੰਨ ਨਾ ਹੋਇਆ ਕਿ ਬਿਨਾ ਤਾਰੀ ਤਰਿਆਂ ਸ਼ੂਕਦਾ ਦਰਿਆ ਨਹੀਂ ਤਰਿਆ ਜਾ ਸਕਦਾ। ਉਸਨੇ ਸਗੋਂ ਪਰਚਾਰਕ ਦਾ ਨਿਸਚਾ ਬੰਨ੍ਹਣ ਲਈਂ ਉਸਨੂੰ ਕਿਹਾ ਕਿ ਜੇ ਤੂੰ ਵੀ ਦਰਿਆ ਪਾਰ ਕਰਨਾ ਹੈ ਤਾਂ ਮੇਰੇ ਨਾਲ ਆ, ਦੇਖ ਵਾਹਿਗੁਰੂ ਕਿਵੇਂ ਪਾਰ ਕਰਦਾ ਹੈ। ਪਰਚਾਰਕ ਝਕਦਾ-ਝਕਦਾ ਉਸ ਨਾਲ ਤੁਰ ਪਿਆ ਅਤੇ ਜਦ ਦਰਿਆ ਦੇ ਕੰਢੇ ਤੇ ਦੋਵੇਂ ਪਹੁੰਚੇ ਤਾਂ ਗਵਾਲਣ ਨੇ ਵਾਹਿਗੁਰੂ ਦਾ ਨਾਂ ਲੈ ਕੇ ਦਰਿਆ ਵਿਚ ਛਾਲ ਕਦ ਮਾਰੀ ਤੇ ਸਹਿਜ ਸੁਭਾਅ ਦੂਜੇ ਕੰਢੇ ਵਲ ਵਧਣ ਲਗ ਪਈ। ਪਰਚਾਰਕ ਉਸਨੂੰ ਅਡੋਲ ਚਿਤ ਵੇਖ ਕੇ ਹੋਰ ਦੁਬਿਧਾ ਵਿਚ ਪੈ ਗਿਆ। ਗਵਾਲਣ ਉਸਨੂੰ ਆਵਾਜ਼ਾਂ ਦੇਂਦੀ ਰਹੀ ਕਿ ਪਰਚਾਰਕ ਜੀ ਵਾਹਿਗੁਰੂ ਦਾ ਨਾਂ ਲੈ ਕੇ ਛਾਲ ਮਾਰ ਦਿਓ, ਆਪਣੇ ਆਪ ਪਾਰ ਹੋ ਜਾਓਗੇ। ਪਰ ਉਸ ਦਾ ਹੀਆ ਨਾ ਪਿਆ। ਗਵਾਲਣ ਦੇ ਘੜੀ-ਘੜੀ ਕਹਿਣ ਤੇ ਬਸ ਓਪਰੇ ਨਿਸਚੇ ਨਾਲ ਉਸਨੇ ਦਰਿਆ ਵਿਚ ਛਾਲ ਮਾਰ ਹੀ ਦਿੱਤੀ, ਪਰ ਵਿਚਾਰੇ ਦੀ ਲਾਸ਼ ਵੀ ਨਾ ਲਭੀ। ਉਸਦਾ ਅਧੂਰਾ ਨਿਸਚਾ ਤੇ ਅਪੂਰਨ ਸ਼ਰਧਾ ਉਸਨੂੰ ਲੈ ਡੁੱਬੇ। ਸਿਖ ਇਤਿਹਾਸ ਵਿਚ ਬਹੁਤ ਥਾਈਂ ਆਉਂਦਾ ਹੈ ਕਿ ਸਿੰਘਾਂ ਨੇ ਜਿਸ ਗੱਲ ਤੇ ਨਿਸਚਾ ਬੰਨ੍ਹ ਲਿਆ, ਅਰਦਾਸ ਸੋਧ ਦਿੱਤੀ,



www.AKJ.Org

ਉਹ ਸਰ ਕਰਕੇ ਹੀ ਛਡਿਆ । ਸਿਖ ਦੇ ਨਿਸਚੇ ਕਰਕੇ ਅਕਾਲ ਪੁਰਖ ਨੇ ਅਟਕ ਦਰਿਆ ਨੂੰ ਅਟਕਾ ਦਿੱਤਾ। ਇਸੇ ਤਰ੍ਹਾਂ ਬਾਬਾ ਦੀਪ ਸਿੰਘ, ਭਾਈ ਮੰਝ ਜੀ, ਭਾਈ ਤਾਰੂ ਸਿੰਘ ਜੀ ਦੇ ਅਕਾਲ ਪੁਰਖ ਪ੍ਰਤੀ ਬੇਮਿਸਾਲ ਨਿਸਚੇ ਬਾਰੇ ਜੋ ਕੋਈ ਵੀ ਪੜ੍ਹਦਾ ਹੈ, ਦੰਗ ਰਹਿ ਜਾਂਦਾ ਹੈ ।

(੨)

ਦੋ ਕੁ ਮਹੀਨੇ ਪਹਿਲੇ ਮੈਂ ਇੰਗਲੈਂਡ ਗਿਆ ਤਾਂ ਉਥੇ ਇਕ ਔਰਤ ਮੈਨੂੰ ਮਿਲੀ ਤੇ ਉਸ ਨੇ ਮੈਨੂੰ ਪੁਛਿਆ ਕਿ ਤੁਹਾਡੇ ਧਰਮ ਵਿਚ, ਕੀ ਅਰਦਾਸ ਦੀ ਕੋਈ ਮਹੱਤਤਾ ਹੈ ? ਮੈਂ ਉਸ ਨੂੰ ਦਸਿਆ ਕਿ ਸਿਖ ਨੂੰ ਅਰਦਾਸ ਸਮੇਂ ਅਕਾਲ ਪੁਰਖ ਨਾਲ ਸਿਧੇ ਬੇਨਤੀ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਅਤੇ ਸੱਚੇ ਹਿਰਦੇ ਨਾਲ ਕੀਤੀ ਹਰ ਅਰਦਾਸ ਨੂੰ ਅਕਾਲ ਪੁਰਖ ਨੇ ਪਰਵਾਨਿਆ ਹੈ । ਉਹ ਮੇਰੀ ਗੱਲ ਸੁਣ ਕੇ ਬਹੁਤ ਖੁਸ਼ ਹੋਈ ਅਤੇ ਅਰਦਾਸ ਅਤੇ ਨਿਸਚੇ ਬਾਰੇ ਉਸਨੇ ਆਪਣੀ ਮਾਂ ਦੀ ਇਕ ਗੱਲ ਸੁਣਾਈ, ਜਿਸ ਦਾ ਸੰਖੇਪ ਵਰਣਨ ਇਵੇਂ ਹੈ :–

ਉਸ ਦੇ ਕਥਨ ਅਨੁਸਾਰ ਇਕ ਵਾਰੀ ਉਸਦਾ ਪਿਓ ਕੈਂਸਰ ਰੋਗ ਨਾਲ ਸਖਤ ਬੀਮਾਰ ਹੋ ਗਿਆ ਅਤੇ ਹਸਪਤਾਲ ਦੇ ਡਾਕਟਰਾਂ ਨੇ ਉਸਦੀ ਮਾਂ ਨੂੰ ਕਿਹਾ ਕਿ ਇਸ ਨੂੰ ਘਰ ਲੈ ਜਾਓ, ਕਿਉਂਕਿ ਉਹ ੨੪ ਘੰਟੇ ਦੇ ਅੰਦਰ-ਅੰਦਰ ਦਮ ਤੋੜ ਦੇਵੇਗਾ ਅਤੇ ਮਰੀਜ਼ ਦੀ ਇੱਛਾ ਹੈ ਕਿ ਉਹ ਆਪਣੇ ਪਰਾਣ ਆਪਣੇ ਘਰ ਦੇ ਮਾਹੌਲ ਵਿਚ ਤਿਆਗਣਾ ਚਾਹੁੰਦਾ ਹੈ । ਉਸਦੀ ਮਾਂ ਆਪਣੇ ਬੀਮਾਰੀ ਨਾਲ ਮਰ ਰਹੇ ਪਤੀ ਨੂੰ ਘਰ ਲੈ ਆਈ ਤੇ ਉਸ ਦੇ ਕਮਰੇ ਵਿਚ ਉਸਨੂੰ ਲਿਟਾ ਕੇ ਉਹ ਯਸੂ ਮਸੀਹ ਦੀ ਤਸਵੀਰ ਅਗੇ ਇਤਨਾ ਰੋਈ, ਵਰਲਾਪ ਕੀਤੇ, ਕੀਰਨੇ ਪਾਏ, ਹਾੜ੍ਹੇ ਕਢੇ, ਅਰਜ਼ੋਈਆਂ ਕੀਤੀਆਂ ਅਤੇ ਮਿੰਨਤਾਂ ਕਰ-ਕਰ ਕੇ ਵਾਸਤੇ ਪਾਏ ਕਿ ਚੌਗਿਰਦਾ ਕੰਬ ਉਠਿਆ । ਉਸ ਤਰ੍ਹਾਂ ਰੋਂਦੀ-ਰੋਂਦੀ ਤੇ ਵਾਸਤੇ ਪਾਉਂਦੀ ਉਹ ਤਸਵੀਰ ਅਗੇ ਹੀ ਡਿਗ ਕੇ ਬੇਹੋਸ਼ ਹੋ ਗਈ। ਕਮਰਾ ਅੰਦਰ ਤੋਂ ਬੰਦ ਹੋਣ ਕਾਰਨ ਕੋਈ ਅੰਦਰ ਨਾ ਜਾ ਸਕਿਆ ਅਤੇ ਸਾਰੇ ਆਂਢੀ-ਗੁਆਂਢੀ ਵੀ ਉਸ ਔਰਤ ਦੇ ਕੀਰਨੇ ਨਾ ਸੁਣ ਸਕੇ । ਉਨ੍ਹਾਂ ਨੇ ਵੀ ਅਰਦਾਸ ਕੀਤੀ ਕਿ ਵਾਹਿਗੁਰੂ ਉਸਦੇ ਪਤੀ ਨੂੰ ਠੀਕ ਕਰ ਕੇ ਉਸਦੀ ਜਾਨ ਬਖਸ਼ੀ ਕਰ ਦੇਵੇ । ਕੁਝ ਦੇਰ ਮਗਰੋਂ ਬੀਮਾਰ ਪਏ ਉਸ ਮਨੁੱਖ ਨੇ ਬੜੀ ਧੀਮੀ ਪਰ ਪਿਆਰੀ ਆਵਾਜ਼ ਨਾਲ ਧਰਮਪਤਨੀ ਨੂੰ ਸੰਬੋਧਨ ਕਰਕੇ ਕਿਹਾ ਕਿ ਉਸਨੂੰ ਭੁਖ ਲਗੀ ਹੈ, ਕੁਝ ਖਾਣ ਨੂੰ ਦਿਓ । ਇਸ ਸਮੇਂ ਤਕ ਬੇਸੁਧ ਪਈ ਉਸ ਔਰਤ ਨੂੰ ਕੁਝ ਹੋਸ਼ ਆ ਚੁਕੀ ਸੀ, ਉਸਨੇ ਬੂਹਾ ਖੋਲ੍ਹਿਆ ਅਤੇ ਬੀਮਾਰ ਨੂੰ ਕੁਝ ਖਾਣ ਨੂੰ ਦਿੱਤਾ । ਇਸ ਤੋਂ ਮਗਰੋਂ ਉਹ ਫਿਰ ਯਸੂ ਮਸੀਹ ਦੀ ਤਸਵੀਰ ਨਾਲ ਗੱਲਾਂ ਕਰਨ ਲਗ ਪਈ । ਉਧਰ ਉਸਦੇ ਪਤੀ ਨੇ ਦੋਬਾਰਾ ਉਸਨੂੰ ਕਿਹਾ, ਕੁਝ ਹੋਰ ਖਾਣ ਨੂੰ ਦਿਲ ਕਰਦਾ ਹੈ । ਔਰਤ ਨੇ ਸਮਝਿਆ ਕਿ ਜ਼ਿੰਦਗੀ ਦੀ ਆਖਰੀ ਰਾਤ ਹੋਣ ਕਾਰਨ ਵਿਚਾਰੇ ਦਾ ਸੰਸਾਰਕ ਮੋਹ ਟੁੱਟਣ ਤੋਂ ਪਹਿਲੇ ਸ਼ਾਇਦ ਦਿਲ ਕੁਝ ਵਿਚ ਤਾਂਘਾਂ ਰਹਿ ਗਈਆਂ ਹਨ, ਇਸ ਲਈ ਉਸਨੂੰ ਉਸਨੇ ਜੋ ਜੋ ਮੰਗਿਆ, ਖਵਾਇਆ; ਪਰ ਆਪਣੀ ਬਿਰਤੀ ਯਸੂ ਮਸੀਹ ਦੀ ਅਰਾਧਨਾ ਵਿਚ ਹੀ ਟਿਕਾਈ ਰਖੀ । ਸਾਰੀ ਰਾਤ ਉਸ ਇਵੇਂ ਕੱਟੀ ਤੇ ਦਿਨ ਚੜ੍ਹਦੇ ਹੀ ਉਸਦੇ ਪਤੀ ਨੇ ਫਿਰ ਪਤਨੀ ਨੂੰ ਕਿਹਾ ਕਿ ਭਾਰਾ ਜਿਹਾ ਨਾਸ਼ਤਾ ਤਿਆਰ ਕਰੋ, ਬਹੁਤੁ ਭੁਖ ਲੱਗੀ ਹੈ । ਬੀਵੀ ਨੇ ਚਾਈਂ-ਚਾਈਂ ਨਾਸ਼ਤਾ ਤਿਆਰ ਕੀਤਾ ਅਤੇ ਨਾਲ ਹੀ ਹਸਪਤਾਲ ਦੇ ਡਾਕਟਰ ਨੂੰ ਟੈਲੀਫੂਨ ਤੇ ਸਾਰੀ ਸਥਿੱਤੀ ਦੱਸੀ। ਡਾਕਟਰ ਹੈਰਾਨ ਸੀ ਕਿ ਹੁਣ ਤਕ ਤਾਂ ਮਰੀਜ਼ ਨੂੰ ਮਰ ਜਾਣਾ ਚਾਹੀਦਾ ਸੀ । ਉਸਨੇ ਉਸ ਔਰਤ ਨੂੰ ਕਿਹਾ ਕਿ ਉਹ ਜੋ ਮੰਗਦਾ ਹੈ ਉਸਨੂੰ ਖਾਣ ਲਈ ਦਿਓ ਅਤੇ ਮੈਂ ਹੁਣੇ ਤੁਹਾਡੇ ਘਰ ਉਸਨੂੰ ਦੇਖਣ ਆਉਂਦਾ ਹਾਂ । ਥੋੜ੍ਹੀ ਹੀ ਦੇਰ ਵਿਚ ਡਾਕਟਰ ਆ ਗਿਆ ਤੇ ਉਸ ਦੀ ਸੁਧਰੀ ਹੋਈ ਹਾਲਤ ਵੇਖ ਕੇ ਉਸਨੂੰ ਕਾਰ ਵਿਚ ਪਾ ਕੇ ਚੈਕ-ਅੱਪ ਲਈ ਹਸਪਤਾਲ ਲੈ ਗਿਆ । ਸਾਰੇ ਨਰੀਖਣ ਕਰਨ ਉਪਰੰਤ ਉਸਨੇ ਜਿਹੜਾ ਸਰਟੀਫੀਕੇਟ ਦਿੱਤਾ ਉਸ ਤੇ ਲਿਖਿਆ ਹੋਇਆ ਸੀ ਕਿ ਇਸ ਮਰੀਜ਼ ਨੂੰ ਕੈਂਸਰ ਰੋਗ ਦੀ ਨਿੱਕੀ ਤੋਂ ਨਿੱਕੀ ਅਲਾਮਤ ਵੀ ਨਹੀਂ।



www.AKJ.Org

# ਪੂਰੇ ਗੁਰ ਕੀ ਦੇਖੁ ਵਡਾਈ

[ਵਲੋਂ—ਸੂਬੇਦਾਰ ਪ੍ਰੀਤਮ ਸਿੰਘ ਜੀ, ਪੂਨਾ]

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿਤਰ ਯਾਦ ਵਿਚ ਗੁਰਦਵਾਰਾ 'ਧੋਬੜੀ ਸਾਹਿਬ' ਆਸਾਮ ਵਿਚ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ "ਮਹਾਨ ਕੋਸ਼" ਗ੍ਰੰਥ ਵਿਚ ਇਸ ਅਸਥਾਨ ਬਾਰੇ ਇਉਂ ਜ਼ਿਕਰ ਕਰਦੇ ਹਨ :–

"ਧੁਬਰੀ–ਆਸਾਮ ਵਿਚ ਗੁਆਲਪਾਰਾ ਜ਼ਿਲੇ ਦਾ ਇਕ ਪ੍ਰਸਿਧ ਨਗਰ, ਜੋ ਬ੍ਰਹਮਪੁਤ੍ਰ ਨਦ ਦੇ ਸੱਜੇ ਕਿਨਾਰੇ ਆਬਾਦ ਹੈ। ਸੰਨ ੧੮੭੯ ਵਿਚ ਇਹ ਗੁਆਲਪਾਰਾ ਜ਼ਿਲੇ ਦਾ ਸਦਰ ਮਕਾਮ (Head Quarters) ਬਣ ਗਿਆ ਹੈ। ਧੁਬਰੀ ਈਸਟਰਨ ਬੰਗਾਲ ਸਟੇਟ ਰੇਲਵੇ ਦਾ ਸਟੇਸ਼ਨ ਹੈ।

ਇਸ ਨਗਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਰਾਜਾ ਰਾਮ ਸਿੰਘ ਜੈਪੁਰ-ਪਤੀ ਨਾਲ ਸੰਮਤ ੧੭੨੩-੨੪ ਵਿਚ ਵਿਰਾਜੇ ਹਨ। ਗੁਰਦੁਆਰੇ ਦਾ ਨਾਉਂ 'ਦਮਦਮਾ ਸਾਹਿਬ' ਹੈ। ਇਸ ਦਮਦਮੇ ਦੇ ਬਣਨ ਬਾਬਤ ਲਿਖਿਆ ਹੈ ਕਿ ਰਾਜੇ ਦੀ ਫ਼ੌਜ ਦੇ ਹਰੇਕ ਸਿਪਾਹੀ ਨੇ ਪੰਜ ਪੰਜ ਢਾਲਾਂ ਮਿੱਟੀ ਦੀਆਂ ਭਰ ਕੇ ਉਚਾ ਢੇਰ (ਦਮਦਮਾ) ਬਣਾ ਦਿਤਾ, ਜਿਸ ਪੁਰ ਗੁਰੂ ਤੇਗ ਬਹਾਦਰ ਸਾਹਿਬ ਨੇ ਬਿਰਾਜ ਕੇ ਦਿਵਾਨ ਸਜਾਇਆ।"

[ਮਹਾਨ ਕੋਸ਼; ਦੂਜੀ ਛਾਪ, ਪੰਨਾ ੫੦੩

ਇਥੇ ਦਰਿਆ ਬ੍ਰਹਮਪੁਤਰ ਦੇ ਲਾਗੇ ਇਕ ਮਾਚਸ ਫ਼ੈਕਟਰੀ (Matches factory) ਹੈ, ਜਿਸ ਦਾ ਨਾਂ ਵਿਮਕੋ (Wimco) ਹੈ। ਇਸ ਵਿਮਕੋ ਫ਼ੈਕਟਰੀ ਵਿਚ ਇਕ ਬੰਗਾਲੀ ਮੈਨੇਜਰ ਰਹਿੰਦਾ ਹੁੰਦਾ ਸੀ। ਉਸ ਦੇ ਘਰ ਇਕ ਲੜਕਾ ਸੀ, ਜਿਸ ਦੀ ਜ਼ਬਾਨ ਬੋਲਣ ਤੋਂ ਬਿਲਕੁਲ ਅਸਮਰੱਥ ਸੀ। ਲੜਕੇ ਦੀ ਉਮਰ ੧੧ ਸਾਲਾਂ ਦੀ ਹੋ ਚੁਕੀ ਸੀ ਅਤੇ ਉਸ ਦੀ ਜ਼ਬਾਨ ਨੂੰ ਚਲਾਉਣ ਲਈ ਕਈ ਵਡੇ ਵਡੇ ਡਾਕਟਰ ਜਤਨ ਕਰ ਚੁਕੇ ਸਨ, ਪਰ ਕੋਈ ਵੀ ਇਲਾਜ ਸਫਲ ਨਹੀਂ ਹੋ ਸਕਿਆ ਸੀ।

ਧੋਬੜੀ ਵਿਚ ਇਕ ਐਨ. ਸੀ. ਸੀ. ਯੂਨਿਟ ਵੀ ਸੀ, ਜਿਸ ਵਿਚ ਇਕ ਸਿਖ ਅਫ਼ਸਰ ਸੀ। ਉਹ ਸਿਖ ਅਫ਼ਸਰ ਇਕ ਦਿਨ ਵਿਮਕੋ ਫੈਕਟਰੀ ਦੀ ਕਲੱਬ ਵਿਚ ਗਿਆ ਤਾਂ ਉਥੇ ਬੰਗਾਲੀ ਮੈਨੇਜਰ ਨਾਲ ਮੇਲ ਹੋਇਆ। ਮੈਨੇਜਰ ਦੇ ਚਿਹਰੇ ਤੋਂ ਮਾਯੂਸੀ ਟਪਕ ਰਹੀ ਸੀ। ਬੰਗਾਲੀ ਮੈਨੇਜਰ ਨੂੰ ਸਰਦਾਰ ਨੇ ਇਸ ਮਾਯੂਸੀ ਦਾ ਕਾਰਨ ਪੁਛਿਆ ਤਾਂ ਉਸ ਨੇ ਆਪਣੇ ਲੜਕੇ ਦੀ ਸਾਰੀ ਵਿਥਿਆ ਕਹਿ ਸੁਣਾਈ।

---

†ਅਤੇ ਇਸਨੂੰ ਹੁਣ ਕੋਈ ਰੋਗ ਨਹੀਂ। ਜਿਸ ਤਰ੍ਹਾਂ ਦੀ ਸਿਹਤ ਇਸ ਦੀ ਇਸ ਸਮੇ ਹੈ, ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਹ ਅਗਲੇ ੨੦ ਸਾਲ ਤਕ ਤੰਦਰੁਸਤ ਰਹੇਗਾ ਤੇ ਮਰੇਗਾ ਨਹੀਂ, ਜਦ ਕਿ ਮੌਤ ਇਕ ਅਜਿਹੀ ਚੀਜ਼ ਹੈ ਜਿਸ ਬਾਰੇ ਇਕ ਮਿੰਟ ਦੀ ਵੀ ਗਰੰਟੀ ਨਹੀਂ ਦਿੱਤੀ ਜਾ ਸਕਦੀ।

ਇਹ ਗੱਲ ਦਸਣ ਮਗਰੋਂ ਉਸ ਲੜਕੀ ਨੇ ਕਿਹਾ ਕਿ ਉਸ ਦਿਨ ਤੋਂ ਲੈ ਕੇ ਮੇਰੀ ਮਾਂ ਦਾ ਅਕਾਲ ਪੁਰਖ ਦੀ ਸ਼ਕਤੀ ਤੇ ਹਸਤੀ ਵਿਚ ਅਜਿਹਾ ਨਿਸਚਾ ਪਰਪੱਕ ਹੋਇਆ ਕਿ ਉਹ ਵਸਦੀ ਬਾਰਸ਼ ਨੂੰ ਰੋਕ ਸਕਦੀ ਸੀ ਤੇ ਕਠਿਨ ਤੇ ਕਠਿਨ ਕੰਮ ਨੂੰ ਆਪਣੇ ਮੁਸੱਮਮ ਇਰਾਦੇ ਨਾਲ ਸਹਿਲ ਬਣਾ ਲੈਂਦੀ ਸੀ। ਅਜਿਹਾ ਨਿਸਚਾ, ਸ਼ਰਧਾ, ਸਨੇਹ ਹੀ ਧਰਮ ਦੀ ਜੋਤ ਨੂੰ ਸ਼ਕਤੀਮਾਨ ਕਰਦਾ ਹੈ ਅਤੇ ਮਨੁੱਖ ਨੂੰ ਅਕਾਲ ਪੁਰਖ ਨਾਲ ਅਭੇਦ ਕਰਾਉਂਦਾ ਹੈ। ਜੇ ਅਸੀਂ ਇਸ ਨਿਸਚੇ ਤੋਂ ਥੱਲੇ ਹੋ ਕੇ ਉਸ ਅਕਾਲ ਪੁਰਖ ਦਾ ਅਹਿਸਾਨ ਮਨਾਂ ਵਿਚ ਬਿਠਾ ਰਹੇ ਹਾਂ ਤਾਂ ਅਸੀਂ ਰਸਮੀ ਤੌਰ ਤੇ ਹੀ ਉਸਦੇ ਉਪਾਸ਼ਕ ਹਾਂ, ਤਨੋਂ ਮਨੋਂ ਨਹੀਂ।



www.AKJ.Org

ਸਿਖ ਅਫ਼ਸਰ ਨੇ ਬੰਗਾਲੀ ਨੂੰ ਧੀਰਜ ਦੇ ਕੇ ਹੌਸਲਾ ਬੰਨ੍ਹਾਇਆ ਅਤੇ ਕਿਹਾ ਕਿ ਸਾਡੇ ਪਾਸ ਇਕ ਡਾਕਟਰ ਹੈ ਜੋ ਮਰੀਜ਼ਾਂ ਨੂੰ ਚਾਰ ਵਜੇ ਸਵੇਰੇ ਦੇਖਦਾ ਹੈ। ਆਪ ਤਿਆਰ ਹੋ ਕੇ ਆ ਜਾਓ, ਅਸੀਂ ਸਵੇਰੇ ਉਸ ਦਾ ਦਰਸ਼ਨ ਕਰਾਂਗੇ।

ਬੰਗਾਲੀ ਮੈਨੇਜਰ ਚਾਰ ਵਜੇ ਸਵੇਰੇ ਆ ਗਿਆ ਅਤੇ ਸਿਖ ਅਫ਼ਸਰ ਉਸ ਨੂੰ ਨਾਲ ਲੈ ਕੇ ਗੁਰਦੁਆਰਾ ਧੋਬੜੀ ਸਾਹਿਬ ਲੈ ਗਿਆ। ਮੈਨੇਜਰ ਸਾਹਿਬ, ਸਿਖ ਅਫਸਰ ਅਤੇ ਕੁਝ ਹੋਰ ਸਜਨਾ ਨੇ ਗ੍ਰੰਥੀ ਸਾਹਿਬ ਨਾਲ ਮਿਲ ਕੇ ਅਰਦਾਸ ਕੀਤੀ, "ਸੱਚੇ ਪਾਤਸ਼ਾਹ, ਲੜਕੇ ਦੀ ਜ਼ਬਾਨ ਬਖਸ਼ਿਸ਼ ਕਰੋ।" ਪੂਰਨ ਨਿਸਚੇ, ਸਿਦਕ ਅਤੇ ਭਰੋਸੇ ਸਹਿਤ ਗੁਰੂ-ਦਰ ਤੇ ਹਾਜ਼ਰ ਹੋ ਕੇ ਜੋਦੜੀ ਕਰਨ ਨਾਲ ਐਸੀ ਕਲਾ ਵਰਤੀ ਕਿ ਅਰਦਾਸ ਦੀ ਸਮਾਪਤੀ ਦੇ ਨਾਲ ਹੀ ਲੜਕੇ ਨੇ ਆਪਣੀ ਮਾਂ ਨੂੰ ਅਵਾਜ਼ ਮਾਰੀ। ਮਾਂ ਖੁਸ਼ੀ ਨਾਲ ਨਚ ਉਠੀ। ਮਾਂ ਬਾਪ ਦੀ ਹੈਰਾਨਗੀ ਦੇਖੀ ਨਹੀਂ ਜਾ ਸਕਦੀ ਸੀ।

ਇਹ ਉਪਰੋਕਤ ਸਾਰਾ ਕੌਤਕ ਬੰਗਾਲੀ ਮੈਨੇਜਰ ਨੇ ਆਪ ਵਿਸਥਾਰ ਸਹਿਤ ਸੁਣਾਇਆ ਹੈ।

ਖਾਲਸਾ ਜੀ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਪੂਰਨ ਸ਼ਰਧਾ ਧਾਰਨ ਕਰੀਏ। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਸੱਚੇ ਪਾਤਸ਼ਾਹ ਦੀਆਂ ਹਾਜ਼ਰੀਆਂ ਭਰੀਏ ਅਤੇ ਮਨ ਚਿਤ ਲਾ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜੀਏ ਤਾਂ ਸਮਰੱਥ ਸਤਿਗੁਰੂ ਲੋਕ ਪਰਲੋਕ ਦੇ ਸੁਖ ਬਖਸ਼ਣਹਾਰੇ ਹਨ। ਅੰਮ੍ਰਿਤ ਵੇਲੇ ਗੁਰੂ ਕੇ ਚਰਨਾਂ ਵਿਚ ਚਿਤ ਜੋੜ ਕੇ ਵੇਖੀਏ ਤਾਂ ਸਹੀ ਕਿ ਕੀ ਕਲਾ ਵਰਤਦੀ ਹੈ—

ਮਿਰਤਕ ਕਉ ਪਾਇਓ ਤਨਿ ਸਾਸਾ, ਬਿਛੁਰਤ ਆਨਿ ਮਿਲਾਇਆ॥
ਪਸੂ ਪਰੇਤ ਮੁਗਧ ਭਏ ਸ੍ਰੋਤੇ, ਹਰਿ ਨਾਮਾ ਮੁਖਿ ਗਾਇਆ॥੧॥
**ਪੂਰੇ ਗੁਰ ਕੀ ਦੇਖੁ ਵਡਾਈ॥**
**ਤਾ ਕੀ ਕੀਮਤਿ ਕਹਣੁ ਨ ਜਾਈ॥ਰਹਾਉ॥**
ਦੂਖ ਸੋਗ ਕਾ ਢਾਹਿਓ ਡੇਰਾ, ਅਨਦ ਮੰਗਲ ਬਿਸਰਾਮਾ॥
ਮਨ ਬਾਂਛਤ ਫਲ ਮਿਲੇ ਅਚਿੰਤਾ, ਪੂਰਨ ਹੋਏ ਕਾਮਾ॥੨॥
ਈਹਾ ਸੁਖੁ ਆਗੈ ਮੁਖ ਊਜਲ, ਮਿਟਿ ਗਏ ਆਵਣ ਜਾਣੇ॥
ਨਿਰਭਉ ਭਏ ਹਿਰਦੈ ਨਾਮੁ ਵਸਿਆ, ਅਪੁਨੇ ਸਤਿਗੁਰ ਕੈ ਮਨਿ ਭਾਣੇ॥੩॥
ਊਠਤ ਬੈਠਤ ਹਰਿ ਗੁਣ ਗਾਵੈ, ਦੂਖੁ ਦਰਦੁ ਭ੍ਰਮੁ ਭਾਗਾ॥
ਕਹੁ ਨਾਨਕ ਤਾ ਕੇ ਪੂਰ ਕਰੰਮਾ, ਜਾ ਕਾ ਗੁਰ ਚਰਨੀ ਮਨੁ ਲਾਗਾ॥੪॥੧੦॥੨੧॥
[ਸੋਰਠਿ ਮ: ੫, ਪੰਨਾ ੬੧੪

ਸੋ ਆਓ, ਅੰਮ੍ਰਿਤ ਵੇਲੇ ਪੂਰਨ ਸ਼ਰਧਾ ਅਤੇ ਪ੍ਰੇਮ-ਭਾਵਨੀ ਸਹਿਤ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਜੁੜਿਆ ਕਰੀਏ। ਨਿਤ ਗੁਰੂ-ਚਰਨਾਂ ਵਿਚ ਅੰਮ੍ਰਿਤ ਵੇਲੇ ਜਾਚਕ ਹੋ ਕੇ ਜੁੜ ਬੈਠਣ ਨਾਲ ਜੋ ਅਗਾਧ ਬੋਧ ਕਲਾ ਵਰਤਦੀ ਹੈ, ਉਸ ਦਾ ਅਨੰਦ ਕਮਾਈ ਕੀਤਿਆਂ ਹੀ ਪਤਾ ਲਗ ਸਕਦਾ ਹੈ। ਇਹ ਗੱਲਾ ਦਿਮਾਗੀ ਤੌਰ ਤੇ ਸਮਝਣ ਵਾਲੀਆਂ ਨਹੀਂ ਹਨ, ਸਗੋਂ ਅੰਮ੍ਰਿਤ ਵੇਲੇ ਜਾਗਣ ਦੀ ਕੁਰਬਾਨੀ ਕੀਤਿਆਂ ਹੀ ਗੱਲ ਬਣ ਸਕਦੀ ਹੈ। ਕੁਝ ਕਮਾਈ ਕਰ ਕੇ ਕੋਈ ਕਬੀਰ ਜੀ ਦੇ ਇਹ ਬਚਨ ਕਹਿ ਸਕਦਾ ਹੈ—

ਕਹੁ ਕਬੀਰ ਗੂੰਗੈ ਗੁੜੁ ਖਾਇਆ, ਪੂਛੇ ਤੇ ਕਿਆ ਕਹੀਐ॥
[ਗਉੜੀ ਕਬੀਰ ਜੀ, ਪੰਨਾ ੩੩੪



www.AKJ.Org

# ਮਨੁਖਾ ਦੇਹੀ

[ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ]

**ਪ੍ਰਸ਼ਨ**—ਮਨੁਖਾ ਦੇਹੀ ਕੀ ਹੈ ?

**ਉੱਤਰ**—ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ-ਮੰਦਰੁ ਨ ਹੋਇ ॥੨॥ (੧੧॥੧)
ਪ੍ਰਭਾਤੀ ਮਹਲਾ ੩, ਪੰਨਾ ੧੩੪੬

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥੪॥ (੧੬॥੨॥੨੬)
ਮਾਰੂ ਮਹਲਾ ੩, ਪੰਨਾ ੧੦੫੯

**ਵਿਚਾਰ** :—ਮਨੁਖਾ ਦੇਹੀ ਅਕਾਲ ਪੁਰਖ ਦਾ ਇਕ ਅਜੂਬਾ ਹੈ। ਪੰਜਾਂ ਤਤਾਂ ਦਾ ਬਣਿਆ ਇਹ ਮਾਨੋ ਹਰੀ ਦਾ ਮੰਦਰ ਹੈ, ਜਿਸ ਵਿਚ ਪ੍ਰਭੂ ਵਸਦਾ ਹੈ। ਮਨੁਖਾ ਦੇਹੀ ਇਕ ਅਮੋਲਕ ਦਾਤਿ ਹੈ, ਤੇ ਚੁਰਾਸੀ ਲਖ ਜੂਨਾਂ ਦੀ ਸਿਰਤਾਜ ਹੈ। ਮਨੁਖਾ ਦੇਹੀ ਦੀ ਉਤਮਤਾ ਦਾ ਨਿਰਭਰ ਇਸ ਦੀ ਬਾਹਰਲੀ ਬਨਾਵਟ ਉਤੇ ਨਹੀਂ, ਅੰਦਰਲੀ ਖ਼ਾਸੀਅਤ ਉਤੇ ਹੈ। ਪ੍ਰਭੂ ਦਾ ਵਾਸਾ ਤਾਂ ਸਾਰੀ ਰਚਨਾ ਵਿਚ ਹੈ। ਮਨੁਖਾ ਦੇਹੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਰਾਹੀਂ ਪ੍ਰਭੂ ਵਿਚ ਲੀਨਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

**ਪ੍ਰਸ਼ਨ** :—ਮਨੁਖਾ ਦੇਹੀ ਦੀਆਂ ਕੀ ਕੀ ਵਿਸ਼ੇਸ਼ਤਾਈਆਂ ਹਨ ?

**ਉੱਤਰ** :—ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ, ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
ਗੁਰ ਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰ ਦਿਖਾਇਆ ॥੩੮॥
ਰਾਮਕਲੀ ਮ: ੩ ਅਨੰਦੁ, ਪੰਨਾ ੯੨੨

ਮੇਰੈ ਕਰਤੈ ਇਕ ਬਣਤ ਬਣਾਈ ॥ ਇਸ ਦੇਹੀ ਵਿਚਿ ਸਭ ਵਥੁ ਪਾਈ ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥ (੧੬॥੬॥੨੦)
ਮਾਰੂ ਮਹਲਾ ੩, ਪੰਨਾ ੧੦੬੪

ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸ ਕਾਇਆਂ ਅੰਦਰਿ ਨਾਮੁ ਨਉ ਨਿਧਿ, ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥(੮॥੨)
ਸੂਹੀ ਮ: ੩ ਅਸਟਪਦੀਆ, ਪੰਨਾ ੭੫੪

ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥ [ਮਾਰੂ ਮ: ੩, ਪੰਨਾ ੧੦੫੬

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਈ ਨ ਸੁਣੈ ਪੁਕਾਰਾ ॥੨॥ (੪॥੨)
ਸੋਰਠਿ ਮ: ੩, ਪੰਨਾ ੬੦੦

**ਵਿਚਾਰ**:—ਇਹ ਮਨੁਖਾ ਸਰੀਰ ਮਾਨੋ ਇਕ ਗੁਫਾ ਹੈ, ਜਿਸ ਵਿਚ ਸਵਾਸਾਂ ਦੁਆਰਾ ਵਾਜਾ ਵਜ ਰਿਹਾ ਹੈ। ਇਸ ਦੇ ਨੌਂ ਦੁਆਰੇ ਪਰਗਟ ਹਨ ਤੇ ਦਸਵਾਂ ਦੁਆਰਾ ਗੁਪਤ ਹੈ। ਫਿਹ ਇਸ ਦਸਮ ਦੁਆਰ ਨੂੰ ਬਜਰ ਕਪਾਟ ਜੜੇ



www.AKJ.Org

ਹੋਏ ਹਨ। ਇਹ ਕਿਸੇ ਤਰੀਕੇ ਨਾਲ ਖੁਲ੍ਹ ਨਹੀਂ ਸਕਦੇ। ਖੁਲ੍ਹਦੇ ਹਨ ਕੇਵਲ ਗੁਰੂ ਦੇ ਸ਼ਬਦ ਦੀ ਕੁੰਜੀ ਲਾਇਆਂ:

ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥
ਗੁਰ ਸਬਦੀ ਖੋਲਾਈਅਨਿ ਹਰਿ ਨਾਮੁ ਜਪਾਨੀ ॥੧੪॥ [ਵਾਰ ਗੂਜਰੀ ਮ:੩, ਪੰਨਾ ੫੧੪
ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥੧੫॥ [ਮਹਲਾ ੩, ਪੰਨਾ ੯੫੪

ਇਸ ਦਸਵੇਂ ਦੁਆਰੇ ਦੀ ਸੋਝੀ ਕਿਸੇ ਵਡਭਾਗੇ ਮਨੁੱਖ ਨੂੰ ਹੁੰਦੀ ਹੈ, ਜਿਸ ਨੂੰ ਪ੍ਰਭੂ ਦੀ ਮਿਹਰ ਨਾਲ ਪੂਰਾ ਸਤਿਗੁਰੂ ਮਿਲ ਪਵੇ ਅਤੇ ਅੰਦਰ ਭੈ-ਭਾਵਨੀ ਜਾਗ ਉਠੇ। ਦਸਵੇਂ ਦੁਆਰ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ:

ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥੨੪॥
ਗਉੜੀ ਬਾਵਨ ਅਖਰੀ ਕਬੀਰ ਜੀ, ਪੰਨਾ ੩੪੧

ਕੁਦਰਤ ਦਾ ਵਿਸ਼ਵ ਵਿਚ ਪਸਰਿਆ ਸਾਰਾ ਪਸਾਰਾ ਕਾਂਇਆਂ ਦੇ ਅੰਦਰ ਮੌਜੂਦ ਹੈ। ਇਸ ਕਾਂਇਆਂ ਦੇ ਅੰਦਰ ਰਤਨ ਪਦਾਰਥ ਵੀ ਹਨ ਤੇ ਕਚ ਪਿਚ ਵੀ, ਅੰਮ੍ਰਿਤ ਵੀ ਹੈ ਤੇ ਵਿਖ ਵੀ। ਆਪਣੀ ਭਾਵਨਾ ਅਨੁਸਾਰ ਹਰ ਕੋਈ ਮਨ-ਭਾਉਂਦੀ ਵਸਤੂ ਪ੍ਰਾਪਤ ਕਰ ਲੈਂਦਾ ਹੈ।

ਇਸ ਕਾਂਇਆਂ ਦੇ ਅੰਦਰ ਨਾਮ ਦਾ ਅਮੋਲਕ ਖ਼ਜ਼ਾਨਾ ਗੁਪਤ ਰਖਿਆ ਹੋਇਆ ਹੈ, ਪਰ ਇਹ ਖ਼ਜ਼ਾਨਾ ਗੁਰੂ ਦੀ ਸ਼ਰਨ ਪਿਆਂ ਹੀ ਪਰਗਟ ਹੁੰਦਾ ਹੈ।

ਇਸ ਸਰੀਰ ਵਿਚ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਇਹ ਪੰਜ ਚੋਰ ਵੀ ਵਸਦੇ ਹਨ, ਜੋ ਮਾਇਆ ਵਿਚ ਮਗਨ ਜੀਵਾਂ ਦਾ ਅੰਮ੍ਰਿਤ-ਖਜ਼ਾਨਾ ਲੁਟ ਲੈਂਦੇ ਹਨ। ਉਹਨਾਂ ਤੋਂ ਕੋਈ ਸਾਕ ਅੰਗ, ਮਿਤਰ ਦੋਸਤ ਬਚਾ ਨਹੀਂ ਸਕਦਾ। ਗੁਰੂ ਦੀ ਮੇਹਰ ਦੁਆਰਾ ਹੀ ਕੋਈ ਇਹਨਾਂ ਡਾਕੂਆਂ ਤੋਂ ਆਪਣੀ ਪੂੰਜੀ ਬਚਾ ਸਕਦਾ ਹੈ।

**ਪ੍ਰਸ਼ਨ** :—ਜਦੋਂ ਕਿ ਦੇਹੀ ਵਿਚ ਚੰਗੇ ਮੰਦੇ ਦੋਵੇਂ ਹੀ ਤੱਤ ਹਨ, ਚੰਗੇ ਤੱਤ ਗ੍ਰਹਿਣ ਕਰਨ ਅਤੇ ਮੰਦੇ ਤੱਤਾਂ ਤੋਂ ਛੁਟਕਾਰੇ ਲਈ ਕੀ ਉਪਾਉ ਕੀਤਾ ਜਾਏ ?

**ਉੱਤਰ** :—ਕਾਇਆ ਕੁਸੁਧ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥
ਮਾਰੂ ਮਹਲਾ ੩, ਪੰਨਾ ੧੦੪੫

ਏਹਾ ਕਾਇਆ ਰੋਗਿ ਭਰੀ, ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ ॥
ਸਤਿਗੁਰੁ ਮਿਲੈ ਤਾ ਨਿਰਮਲ ਹੋਵੈ, ਹਰਿ ਨਾਮੋ ਮੰਨਿ ਵਸਾਇ ॥੨॥(੭)
ਮ: ੩, ਵਡਹੰਸ ਕੀ ਵਾਰ, ਪੰਨਾ ੫੯੯

ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰਨਿਧਿ ਪਾਈ ॥੨੨॥ ਰਾਮਕਲੀ ਮਹਲਾ ੩, ਪੰਨਾ ੯੧੦

**ਵਿਚਾਰ** :—ਮਨੁਖਾ ਦੇਹੀ ਨੂੰ ਨਾਸ ਕਰਨ ਵਾਲਾ ਪ੍ਰਧਾਨ ਰੋਗ 'ਹਉਮੈ' ਹੈ। ਹਉਮੈ ਸਾਰੇ ਵਿਕਾਰਾਂ ਦਾ ਮੂਲ-ਮੁਢ ਹੈ। ਹਉਮੈ ਦੂਰ ਹੁੰਦੀ ਹੈ ਸ਼ਬਦ ਦੁਆਰਾ ਅਤੇ ਸ਼ਬਦ ਮਿਲਦਾ ਹੈ ਗੁਰੂ ਕੋਲੋਂ ਗੁਰਦੀਖਿਆ ਵਜੋਂ। ਗੁਰ-ਸ਼ਬਦ ਦੀ ਕਮਾਈ ਕਰਨ ਨਾਲ ਮਾਇਆ ਦਾ ਭਰਮ ਵਿਚਹੁੰ ਉਡ ਪੁਡ ਜਾਂਦਾ ਹੈ ਤੇ ਇਹ ਕਾਂਇਆਂ ਕੰਚਨ-ਵੰਨੀ ਹੋ ਜਾਂਦੀ ਹੈ।


www.AKJ.Org

ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੁ ਲਏ ਮਿਲਾਏ ॥
ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ ॥੨॥੪॥

ਵਡਹੰਸੁ ਮਹਲਾ ੩, ਪੰਨਾ ੫੮੫

ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ ॥੨॥੧੨॥

ਮ: ੩, ਵਡਹੰਸ ਕੀ ਵਾਰ, ਪੰਨਾ ੫੮੫

ਕਾਇਆਂ ਨੂੰ ਸੋਧਣ ਪ੍ਰਬੋਧਣ ਦਾ ਕੇਵਲ ਇਕੋ ਇਕ ਉਪਾਉ ਹੈ : ਗੁਰ ਸ਼ਬਦ ਦੀ ਕਮਾਈ ਕਰਨੀ–

ਇਹ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ॥
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ ਪਾਈਐ ਗੁਰ ਕੈ ਹੇਤਿ ਅਪਾਰਿ ॥੮॥੧੦॥੩੨॥

ਆਸਾ ਮ: ੩, ਪੰਨਾ ੪੨੭

**ਪ੍ਰਸ਼ਨ** :–ਪੰਜ-ਭੂਤਕ ਬਣਤਰ ਸਾਰੇ ਮਨੁਖੀ ਸਰੀਰਾਂ ਦੀ ਇਕੋ ਜਿਹੀ ਹੈ, ਫਿਰ ਇਹ ਸਰੀਰ ਚੰਗੇ ਮੰਦੇ ਕਿਉਂ ਹਨ ?

**ਉੱਤਰ** :–ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥

ਮਾਰੂ ਮਹਲਾ ੩, ਪੰਨਾ ੧੦੫੮

ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥
ਮਹਲਾ ਅੰਦਰਿ ਗੈਰ ਮਹਲੁ ਪਾਏ, ਭਾਣਾ ਬੁਝਿ ਸਮਾਹਾ ਹੇ ॥੪॥

ਮਾਰੂ ਮਹਲਾ ੩, ਪੰਨਾ ੧੦੫੮

ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ ਗੁਰਮੁਖਿ ਖੋਜੇ ਵੇਪਰਵਾਹਾ ॥
ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥

ਮਾਰੂ ਮਹਲਾ ੩, ਪੰਨਾ ੧੦੬੬

ਪੰਜ-ਭੂਤਕ ਬਣਤਰ ਕੇਵਲ ਸਾਰੇ ਮਨੁਖੀ ਸਰੀਰਾਂ ਦੀ ਹੀ ਇਕੋ ਜਿਹੀ ਨਹੀਂ, ਸਗੋਂ ਪਸ਼ੂ ਪੰਖੀਆਂ ਦੀ ਵੀ ਏਵੇਂ ਹੀ ਹੈ। ਉਹਨਾਂ ਦੇ ਵੀ ਕੰਨ, ਨੱਕ, ਮੂੰਹ, ਪੈਰ ਆਦਿ ਹਨ। ਸ਼ਕਲ ਭਾਵੇਂ ਉਹਨਾਂ ਦੀ ਵਖੋ ਵਖਰੀ ਹੈ। ਮਨੁਖ ਵਿਚ ਤੇ ਪਸ਼ੂ ਵਿਚ ਫ਼ਰਕ ਕੇਵਲ ਇਹੋ ਹੀ ਹੈ ਕਿ ਮਨੁਖ ਵਿਚ ਬੁੱਧੀ ਵਧੇਰੇ ਵਿਕਸਤ ਹੈ। ਮਨੁਖ ਨੂੰ ਆਪਣੇ ਰਚਣਹਾਰ ਪ੍ਰਭੂ ਦੀ ਸੂਝ ਹੈ ਅਤੇ ਉਸ ਨਾਲ ਮਿਲਾਪ ਦਾ ਸਾਧਨ ਤੇ ਸਮਰੱਥਾ ਪ੍ਰਾਪਤ ਹੈ। ਜੇ ਇਹ ਗੁਣ ਨਹੀਂ ਤਾਂ ਮਨੁਖ ਵਿਚ ਤੇ ਪਸ਼ੂ ਵਿਚ ਕੋਈ ਅੰਤਰ ਨਹੀਂ। ਮਨੁਖਾ ਦੇਹੀ ਜੀਵ ਦੇ ਆਤਮਿਕ ਵਿਕਾਸ ਦਾ ਜ਼ਰੀਆ ਹੈ। ਇਸੇ ਲਈ ਦੇਵਤੇ ਵੀ ਮਨੁਖਾ ਦੇਹੀ ਦੀ ਪ੍ਰਾਪਤੀ ਲਈ ਤਰਸਦੇ ਹਨ।

ਮਨਮੁਖ ਮਨੁੱਖ ਦੀ ਦੇਹੀ ਦਾ ਖਸਮ "ਭਰਮ" ਹੈ। ਉਸ ਨੂੰ ਵਾਹਿਗੁਰੂ ਦੀ ਹਸਤੀ ਦਾ ਯਕੀਨ ਹੀ ਨਹੀਂ। ਮਾਇਆ ਦੇ ਮੋਹ ਕਾਰਨ ਮਨਮੁਖ ਦੀ ਮੱਤ ਖੋਟੀ ਰਹਿੰਦੀ ਹੈ, ਕਾਮਾਦਿਕ ਵਿਸ਼ਿਆਂ ਵਿਚ ਗ੍ਰਸਿਆ ਦੁਖੀ ਹੁੰਦਾ ਰਹਿੰਦਾ ਹੈ ਤੇ ਅਮੋਲਕ ਮਨੁਖਾ ਜਨਮ ਅਜਾਈਂ ਗਵਾ ਲੈਂਦਾ ਹੈ।

ਗੁਰਮੁਖ ਮਨੁੱਖ ਦੀ ਦੇਹੀ ਦਾ ਖਸਮ "ਸ਼ਬਦ" ਹੈ, ਜੋ ਸਾਰੀ ਹੋਂਦ ਦਾ ਮੂਲ ਤੇ ਅਧਾਰ ਹੈ। ਉਹ ਜੀਵਨ ਪ੍ਰਯੰਤ ਸ਼ਬਦ-ਅੰਮ੍ਰਿਤ ਦਾ ਅਨੰਦ ਮਾਣਦਾ ਰਹਿੰਦਾ ਹੈ ਅਤੇ ਇਸ ਦੇਹੀ ਵਿਚ ਹੀ ਲਾ-ਮਕਾਨ ਪ੍ਰਭੂ ਨੂੰ ਪ੍ਰਾਪਤ ਕਰ ਕੇ ਉਸ ਦੀ ਰਜ਼ਾ ਵਿਚ ਚਲਦਾ ਹੋਇਆ, ਉਸ ਵਿਚ ਹੀ ਸਮੱਾ ਜਾਂਦਾ ਹੈ। ਤੇ ਏਸ ਤਰ੍ਹਾਂ ਆਪਣੀ ਜੀਵਨ-ਯਾਤਰਾ ਸਫਲ ਕਰ ਲੈਂਦਾ ਹੈ। ["ਜੀਵਨ ਕਥਾ ਗੁਰੂ ਅਮਰਦਾਸ ਜੀ" ਵਿਚੋਂ



www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ

[ਵਲੋਂ—ਪ੍ਰੋ: ਜੋਗਿੰਦਰ ਸਿੰਘ ਜੀ, ਮੀਤ ਸਕੱਤਰ, ਦਿੱਲੀ ਸਿੱਖ ਗੁ: ਪ੍ਰ: ਕਮੇਟੀ]

ਭਾਈ ਸਾਹਿਬ ਨੇ ਬਚਪਨ ਤੋਂ ਲੈ ਕੇ ਅਖੀਰਲੇ ਸੁਆਸ ਤਕ ਜਿਵੇਂ ਸੰਘਰਸ਼, ਸਹਿਜ ਤੇ ਸਾਹਿੱਤ ਦਾ ਮਾਣ ਭਰਿਆ ਜੀਵਨ ਬਿਤਾਇਆ ਹੈ, ਅਜਿਹਾ ਮਾਣ-ਪ੍ਰਾਪਤੀ ਦਾ ਜੀਵਨ ਵੀਹਵੀਂ ਸਦੀ ਵਿਚ ਸ਼ਾਇਦ ਹੋਰ ਕਿਸੇ ਵੀ ਸ਼ਖਸੀਅਤ ਨੂੰ ਪ੍ਰਾਪਤ ਨਹੀਂ ਹੋਇਆ।

ਭਾਈ ਸਾਹਿਬ ਰਣਧੀਰ ਸਿੰਘ ਜੀ ਮੂਲ ਰੂਪ ਵਿਚ ਗੁਰੂ-ਜੋਤਿ-ਮਾਰਗ ਦੇ ਸੱਚੇ ਆਸ਼ਕ ਸਨ। ਗੁਰੂ-ਜੋਤਿ ਦੇ ਭਗਤੀ-ਮਾਰਗ ਨੂੰ ਉਹਨਾਂ ਨੇ ਘਰ, ਪਰਿਵਾਰ, ਚਾਕਰੀ ਤੇ ਜੇਲ੍ਹ ਦੀਆਂ ਸੀਖਾਂ ਵਿਚ ਰਹਿ ਕੇ ਖ਼ੂਬ ਕਮਾਇਆ। ਇਹ ਭਗਤੀ-ਕਮਾਈ ਹੀ ਸੀ, ਜਿਸ ਨੇ ਭਾਈ ਸਾਹਿਬ ਜੀ ਨੂੰ ਦ੍ਰਿੜ੍ਹਤਾ, ਸੰਘਰਸ਼ ਤੇ ਪੰਥਕ-ਸੇਵਾ ਦਾ ਜਜ਼ਬਾ ਪ੍ਰਦਾਨ ਕੀਤਾ। ਭਾਈ ਸਾਹਿਬ ਜੀ ਦੇ ਹਿਰਦੇ ਵਿਚ ਗੁਰਬਾਣੀ, ਗੁਰੂ ਯਾਦਾਂ ਰੂਪ ਵਿਚ ਉਸਾਰੇ ਗੁਰਦੁਆਰਿਆਂ, ਗੁਰੂ-ਮਾਰਗ ਉਤੇ ਚਲਦੇ ਸਿੰਘ ਸੂਰਮਿਆਂ ਤੇ ਭਾਰਤੀ ਸੰਗਰਾਮੀਆਂ ਵਾਸਤੇ ਵੀ ਅਥਾਹ ਸਤਿਕਾਰ ਸੀ। ੧੯੧੪ ਵਿਚ ਜਦੋਂ ਅੰਗਰੇਜ਼ ਸਰਕਾਰ ਨੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਉਸਾਰੇ 'ਗੁਰਦੁਆਰਾ ਰਕਾਬ ਗੰਜ ਸਾਹਿਬ' ਦੀ ਕੰਧ ਢਾਹ ਦਿਤੀ, ਤਾਂ ਉਸ ਵੇਲੇ ਭਾਈ ਸਾਹਿਬ ਨੇ ਜਿਸ ਜੁਰਅਤਿ ਤੇ ਜਮਾਲ ਨਾਲ, ਸ਼ਹੀਦੀ ਜਥਾ ਲੈ ਜਾ ਕੇ ਕੰਧ ਢਾਹੁਣ ਵਿਰੁਧ ਮੋਰਚਾ ਲਾਇਆ ਤੇ ਜੇਲ੍ਹ ਕਟੀ, ਬਸ ਇਹੀ ਇਕ ਅਜਿਹਾ ਇਤਿਹਾਸਕ ਤੇ ਗੌਰਵ ਵਾਲਾ ਮੌਕਾ ਸੀ, ਜਿਸ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ 'ਸ਼ਖਸੀਅਤ' ਨੂੰ ਸੁਤੰਤਰਤਾ ਸੰਗਰਾਮੀਆਂ ਦੀ ਕਤਾਰ ਵਿਚ ਖੜਾ ਕਰ ਦਿਤਾ। ਭਾਈ ਸਾਹਿਬ ਜੀ ਦੀ ਅੰਤਰ-ਆਤਮਾ ਵਿਚ ਭਾਰਤੀ ਸੁਤੰਤਰਤਾ ਦਾ ਜਜ਼ਬਾ ਵੀ ਬੜੀ ਤੇਜ਼ੀ ਨਾਲ ਭੱਖਦਾ ਸੀ। ਕਾਮਾ ਗਾਟਾ ਮਾਰੂ ਜਹਾਜ਼ ਦੀ ਘਟਨਾ (੧੯੧੫) ਤੋਂ ਲੈ ਕੇ ਆਜ਼ਾਦੀ ਦੀ ਪ੍ਰਾਪਤੀ ਤਕ ਜਿੰਨੀਆਂ ਵੀ ਅੰਗਰੇਜ਼-ਵਿਰੋਧੀ ਲਹਿਰਾਂ ਪ੍ਰਚੰਡ ਹੋਈਆਂ, ਭਾਈ ਸਾਹਿਬ ਉਨ੍ਹਾਂ ਲਹਿਰਾਂ ਤੇ ਲਹਿਰਾਂ ਦੀਆਂ ਆਗੂ-ਸ਼ਖਸੀਅਤਾਂ ਨਾਲ ਪੂਰੀ ਤਰ੍ਹਾਂ ਜੁੜੇ ਰਹੇ। ਭਾਈ ਸਾਹਿਬ ਨੇ ਨਿਸਚੇ ਹੀ ਆਪਣੇ ਆਪ ਨੂੰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਮਾਰਗ ਦਾ ਸੱਚਾ ਤੇ ਪੂਰਨ 'ਸਿੰਘ' ਸਾਬਤ ਕੀਤਾ।

ਭਾਈ ਸਾਹਿਬ ਨੇ ਗੁਰਸਿਖ ਜੀਵਨ ਸਿਰਜਣ, ਅਖੰਡ ਕੀਰਤਨ ਦੀ ਲਹਿਰ ਨੂੰ ਉਭਾਰਨ ਤੇ ਗੁਰਮਤਿ ਅਨੁਭਵਾਂ ਤੇ ਰੰਗਾਂ ਨੂੰ ਸਾਹਿੱਤਕ ਢੰਗ ਪ੍ਰਗਟਾ ਕੇ, ਕੌਮ-ਉਸਾਰੀ ਦੇ ਖੇਤਰ ਵਿਚ ਜੋ ਯੋਗਦਾਨ ਪਾਇਆ ਹੈ, ਉਹ ਅਦੁੱਤੀ ਵੀ ਹੈ ਤੇ ਕੌਮੀ ਭਵਿਖ ਦੀ ਸਿਰਜਣਾ ਲਈ ਇਕ ਪ੍ਰੇਰਨਾ-ਸਰੋਤ ਵੀ ਹੈ।

ਭਾ: ਸਾ: ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਸਮੇਂ ਦਿੱਲੀ ਸਿੱਖ ਗੁ: ਪ੍ਰ: ਕਮੇਟੀ ਵਲੋਂ ਛਪੀ ਪੁਸਤਕਾਂ ਵਿਚੋਂ।


## ਅਨਹਦ ਸ਼ਬਦ—ਦਸਮ ਦੁਆਰ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ ਅਨਹਦ ਸ਼ਬਦ—ਦਸਮ ਦੁਆਰ ਕਿੰਨੇ ਚਿਰ ਤੋਂ ਖਤਮ ਸੀ। ਹੁਣ ਨਵੇਂ ਰੂਪ ਵਿਚ ਛਪ ਗਈ ਹੈ। ਭੇਟਾ ਸੁੰਦਰ ਜਿਲਦ ਸਮੇਤ 6/-

| | | | |
|---|---|---|---|
| ਗੁਰਮਤਿ ਕਰਮ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਸਬਦੁ ਗੁਰ ਪੀਰਾ | ੦-੪੦ | ਗੁਰਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |


www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

[ਕਿਸ਼ਤ ੨੭ਵੀਂ, ਲੜੀ ਜੋੜਨ ਲਈ ਵੇਖੋ ਸੂਰਾ ਨਵੰਬਰ ੧੯੮੦]

[ਵਲੋਂ--ਕੈਪਟਨ ਸਵਰਨ ਸਿੰਘ ਜ਼ੀ, ਘੜਿਆਲਾ]

## ਆਲੇ ਜੱਟ ਦਾ ਪਾਤਸ਼ਾਹ ਦੇ ਹਜ਼ੂਰ ਪਹੁੰਚਣਾ--

(ਮਹਾਰਾਜਾ ਆਲਾ ਸਿੰਘ ਪਟਿਆਲਾ)

ਕਾਜ਼ੀ ਨੂਰ ਮੁਹੰਮਦ ਜੀ ਆਪਣੇ ਜੰਗਨਾਮੇ ਵਿਚ ਅੱਗੇ ਬਿਆਨ ਕਰਦੇ ਹਨ :–

ਜਦ ਦਿਲੀ ਜਾਣ ਦੀ ਬਜਾਏ ਦੇਸ਼ ਨੂੰ ਵਾਪਸ ਪਰਤ ਜਾਣ ਦੀ ਸਲਾਹ ਪੱਕੀ ਹੋ ਗਈ ਤਾਂ ਕੁੰਜ-ਪੁਰਿਉਂ ਰਵਾਨਾ ਹੋ ਕੇ ਪਾਤਸ਼ਾਹ ਤੇ ਲਸ਼ਕਰ ਤਿੰਨ ਚਾਰ ਮਨਜ਼ਲਾਂ ਵਿਚ ਹੀ ਸਰਹੰਦ ਪਹੁੰਚ ਗਿਆ। ਏਥੇ ਮਕਾਮ ਕੀਤਾ। ਸਰਹੰਦ ਬਹੁਤ ਪੁਰਾਣਾ ਤੇ ਮਸ਼ਹੂਰ ਸ਼ਹਿਰ ਸੀ। ਸਭ ਛੋਟੇ ਵਡੇ ਇਸ ਦੀ ਸੈਰ ਨੂੰ ਗਏ। ਕੀ ਵੇਖਦੇ ਹਨ ਕਿ ਸਾਰਾ ਸ਼ਹਿਰ ਉਜੜ ਕੇ ਵਿਰਾਨ ਹੋਇਆ ਪਿਆ ਹੈ। ਓਥੇ ਨਾ ਕੋਈ ਬੰਦਾ ਹੈ, ਨਾ ਹੀ ਕੋਈ ਪਸ਼ੂ ਪੰਛੀ ਦਿਸਦਾ ਹੈ। ਮੈਂ (ਕਾਜ਼ੀ ਨੂਰ ਮੁਹੰਮਦ) ਸਾਰੇ ਸ਼ਹਿਰ ਵਿਚ ਫਿਰਿਆ, ਪਰ ਸਿਵਾਏ ਉੱਲੂ ਦੇ ਕੋਈ ਜੀਵ ਮੈਨੂੰ ਨਹੀਂ ਦਿਸਿਆ। ਸਾਰੇ ਘਰ, ਖ਼ਾਨਕਾਹਾਂ, ਮਸੀਤਾਂ, ਮਦਰੱਸੇ, ਹੌਜ਼ ਤੇ ਖੂਹ ਖ਼ਰਾਬ ਖਸਤਾ ਹੋਏ ਪਏ ਸਨ। ਬਾਜ਼ਾਰ ਦੁਕਾਨਾਂ ਤਾਂ ਮੌਜੂਦ ਸਨ, ਪਰ ਕੋਈ ਦੁਕਾਨਦਾਰ ਕਿਧਰੇ ਨਹੀਂ ਸੀ ਦਿਸਦਾ।

ਹਮਹ ਸ਼ਹਿਰ ਵੀਰਾਨਾ ਗਸ਼ਤਹ ਖ਼ਰਾਬ। ਨਾ ਮਰਦਮ ਦਰੋ ਬੁਦ ਨਾ ਮੁਰਗੋ-ਦਵਾਬ।
ਬਜੁਜ਼ ਬੂਮ ਦੀਗਰ ਨਾ ਦੀਦਮ ਕਸੇ। ਅਗਰ ਚਿ ਦਰਾਂ ਸ਼ਹਿਰ ਗਸ਼ਤਮ ਬਸੇ।
ਹਮਹ ਖ਼ਾਨਮਾ ਵ ਹਮਹ ਖਾਨਕਾਹ। ਹਮਹ ਮਸਜਦੋ ਮਦਰਸਾ ਹੌਜ਼ੋ ਚਾਹ।
ਸ਼ੁਦ ਅਜ਼ ਗਰਦਸ਼ੇ ਦੌਰੇ ਗਰਦੂੰ ਖ਼ਰਾਬ। ਸ਼ੁਦਹ ਖ਼ਾਨਗੀ ਖ਼ਾਨਾ ਪੁਰ ਅਜ਼ ਤੁਰਾਬ।
ਬਜਾ ਬੂਦ ਦੁੱਕਾਨ ਬਾਜ਼ਾਰ ਊ। ਬ-ਮੁਲਕੇ ਅਦਮ ਸ਼ੁਦ ਦੁੱਕਾਨਦਾਰੇ ਊ।

[ਸਫਾ 122, ਸਤਰਾਂ 3 ਤੋਂ 7 ਤਕ]

ਏਥੇ ਬੜੇ ਬੜੇ ਬਜ਼ੁਰਗਾਂ ਤੇ ਔਲੀਆਂ ਦੇ ਮਿਜ਼ਾਰ ਸਨ। ਸਰਹੰਦ ਨੂੰ ਔਲੀਆਂ ਦਾ ਬੁਰਜ ਕਿਹਾ ਜਾਂਦਾ ਹੈ। ਹਰ ਮਿਜ਼ਾਰ ਚੋਂ ਬਹਿਸ਼ਤ ਦੀ ਠੰਡੀ ਤੇ ਖੁਸ਼ਬੂਦਾਰ ਹਵਾ ਦੀ ਵਾਸ਼ਨਾ ਆਉਂਦੀ ਸੀ। ਇਹ ਇਕ ਕਿਸਮ ਦਾ ਬਹਿਸ਼ਤ ਹੀ ਸੀ। ਇਨ੍ਹਾਂ ਸਾਰਿਆਂ ਵਿਚੋਂ ਮੁਜੱਦਦ ਅਲਫ਼ ਸਾਨੀ (ਸ਼ੇਖ ਅਹਿਮਦ ਮੁਜੱਦਦ ਅਲਫ-ਸਾਨੀ ਨਕਸ਼ਬੰਦੀ) ਦਾ ਮਿਜ਼ਾਰ ਸਭ ਤੋਂ ਉਚਾ ਤੇ ਆਲੀਸ਼ਾਨ ਸੀ। ਦੂਸਰੇ ਮਿਜ਼ਾਰਾਂ ਦੀਆਂ ਇਮਾਰਤਾਂ ਵੀ ਬੜੀਆਂ ਆਲੀਸ਼ਾਨ ਸਨ।

ਜ਼ਿਆਰਤ ਚੂ ਕਰਦਮ ਮਜ਼ਾਰਾਤ ਰਾ। ਮਜ਼ਾਰਾਤੇ ਆਲੀ ਅਮਾਰਾਤ ਰਾ।
ਨਸੀਮੇ ਬਹਿਸ਼ਤ ਆਮਦ ਅਜ਼ ਹਰ ਮਿਜ਼ਾਰ। ਤੂ ਗੋਈ ਰਸੀਦਮ ਬਦਾਰ ਅਲਕਰਾਰ।
ਅਜ਼ਾਂ ਜੁਮਲਾ ਦੀਦਮ ਮਿਜ਼ਾਰੇ ਬਲੰਦ। ਮਜੱਦਦ ਅਲਫ਼ ਸਾਨੀ ਅਰਜ਼ਮੰਦ।

[ਸਫ਼ਾ 122, ਸਤਰਾਂ 10 ਤੋਂ 13 ਤਕ

[ਨੋਟ : ਕਾਜ਼ੀ ਹੁਰਾਂ ਦੀ ਲਿਖਤ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਸਰਹੰਦ ਬਰਬਾਦ ਕਰਨ ਵੇਲੇ ਖਾਲਸਾ ਜੀ ਨੇ ਮਿਜ਼ਾਰਾਂ ਆਦਿ ਨੂੰ ਨਹੀਂ ਛੇੜਿਆ, ਨਹੀਂ ਤਾਂ ਸ਼ੇਖ ਅਹਿਮਦ ਸਰਹੰਦ ਦਾ ਮਿਜ਼ਾਰ ਤਾਂ ਸਿੰਘ ਸਭ ਤੋਂ ਪਹਿਲਾਂ ਬਰਬਾਦ ਕਰਦੇ। ਇਹ ਬੜਾ ਮੁਤਅਸਬੀ ਤੇ ਗੁਰੂ ਸਾਹਿਬਾਨ ਦਾ ਕਟੜ ਦੁਸ਼ਮਣ ਸੀ। ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜ਼ੁਮੇਵਾਰ ਵੀ ਇਹੋ ਹੀ ਹੈ। ਜਹਾਂਗੀਰ ਨੂੰ ਤੁਖਣੀਆਂ ਦੇ ਦੇ ਕੇ



www.AKJ.Org

ਇਹ ਕਾਰਾ ਕਰਾਉਣ ਵਾਲਾ ਇਹੋ ਮੁਜੱਦਦ ਹੀ ਹੈ। ਮੁਰਤਜ਼ਾ ਖਾਨ ਨੂੰ ਲਿਖੀ ਚਿਠੀ ਵਿਚ ਇਹ ਮੰਨਦਾ ਹੈ, ਜੋ ਇਸ ਪ੍ਰਕਾਰ ਹੈ "......ਦਰੀਂ ਵਕਤ ਕੁਸ਼ਤਨੇ ਕਾਫ਼ਰੇ ਲਈਨੇ ਗੋਬਿੰਦਵਾਲ ਊ ਬਸਿਆਰ ਖ਼ੂਬ ਵਾਕਿਆ ਸ਼ੁਦ ਵ ਬਾਇਸੇ ਸ਼ਿਕੱਸਤੇ ਅਜ਼ੀਮ ਬਰ ਹਨੂਦ ਵ ਮਰਦੂਦ ਗਸ਼ਤ। ਬ-ਹਰ ਨੀਯਤ ਕਿ ਕੁਸ਼ਤਾ ਵ ਬ-ਹਰ ਗ਼ਰਜ਼ ਕਿ ਹਲਾਕ ਕਰਦਹ ਖ਼ਾਰੀਏ ਕੁੱਫ਼ਾਰ ਨਕ਼ਦ ਵਕਤੇ ਅਹਿਲੇ ਅਸਲਾਮ ਅਸਤ। ਈਂ ਫ਼ਕੀਰ ਪੇਸ਼ ਅਜ਼ਾਂ ਕਿ ਈਂ ਕਾਫ਼ਰ ਰਾ ਬਕੁਸ਼ਨਦ ਦਰ ਖ਼ਾਬ ਦੀਦਹ ਬੂਦ ਕਿ ਬਾਦਸ਼ਾਹੇ ਵਕਤ ਕੱਲਾਇ ਸਰੇ ਸ਼ਰਕ ਰਾ ਸ਼ਿਕੱਸਤਹ ਅਸਤ ਵ ਅਲਹੱਕ ਕਿ ਆਂ ਗਬਰੇ ਰਈਸੇ ਅਹਿਲੇ ਸ਼ਰਕ ਬੂਦ ਵ ਅਮਾਮੇ ਅਹਿਲੇ ਕੁਫ਼ਰ ..." ਮਕਤੂਬਾਤੇ ਅਮਾਮ ਰਬਾਨੀ। . ਦਫ਼ਤਰ ਅੱਵਲ ਹਿਸਾ ਸੋਮ, ਸਫ਼ਾ 80-81-82, ਚਿਠੀਂ ਨੰਬਰ 193

ਸਿਖ ਰੈਫਰੈਂਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ।

ਤਰਜਮਾ–"ਇਨ੍ਹੀਂ ਦਿਨੀਂ ਜੋ ਗੋਇੰਦਵਾਲ ਦੇ ਫਿਟਕਾਰੇ ਹੋਏ ਕਾਫ਼ਰ (ਬੇਧਰਮੇ) ਨੂੰ ਮਾਰ ਦਿਤਾ ਗਿਆ ਹੈ, ਇਹ ਬੜੀ ਹੀ ਚੰਗੀ ਗਲ ਹੋਈ ਹੈ ਅਤੇ ਇਸ ਕਾਰਨ ਇਨ੍ਹਾਂ ਨਖਿਧ ਹਿੰਦੂਆਂ ਨੂੰ ਬੜੀ ਵੱਡੀ ਹਾਰ ਹੋਈ ਹੈ। ਉਸ ਨੂੰ ਭਾਵੇਂ ਕਿਸੇ ਇਰਾਦੇ ਨਾਲ ਅਤੇ ਭਾਵੇਂ ਕਿਸੇ ਬਹਾਨੇ ਨਾਲ ਕਤਲ ਕੀਤਾ ਗਿਆ ਹੈ, ਇਸ ਨਾਲ ਇਨ੍ਹਾਂ ਕਾਫ਼ਰਾਂ ਦੀ ਬਹੁਤ ਜ਼ਿਆਦਾ ਹੇਠੀ ਹੋਈ ਹੈ ਅਤੇ ਮੁਸਲਮਾਨਾਂ ਦੀ ਬਹੁਤ ਸ਼ਾਨ ਵਧੀ ਹੈ। ਇਸ ਬੇਧਰਮੇ ਦੇ ਕਤਲ ਤੋਂ ਪਹਿਲਾਂ ਇਸ ਫ਼ਕੀਰ ਨੇ (ਭਾਵ, ਮੈਂ) ਸੁਪਨੇ ਵਿਚ ਵੇਖਿਆ ਸੀ ਕਿ ਵਕਤ ਦੇ ਪਾਤਸ਼ਾਹ (ਜਹਾਂਗੀਰ) ਨੇ ਇਸ ਫਿਟਕਾਰੇ ਧਰਮ ਦਾ ਸਿਰ ਫੇਹ ਸੁਟਿਆ ਹੈ। ਇਹ ਹੈ ਵੀ ਸੱਚ ਕਿ ਉਹ (ਗੁਰੂ ਅਰਜਨ ਦੇਵ ਜੀ) ਕਾਫ਼ਰ ਹਿੰਦੂਆਂ ਦਾ ਸਭ ਤੋਂ ਵਡਾ ਗੁਰੂ ਸੀ ਤੇ ਬੇਧਰਮਿਆਂ ਦਾ ਮਹਾਨ ਪੇਸ਼ਵਾ..."

ਇਸ ਦੇ ਹੁੰਦਿਆਂ ਹੋਰ ਕਿਸੇ ਸਬੂਤ ਦੀ ਗੁੰਜਾਇਸ਼ ਨਹੀਂ ਇਹ ਸਾਬਤ ਕਰਨ ਲਈ ਕਿ ਸ਼ੇਖ ਅਹਿਮਦ ਸਰਹੰਦੀ ਗੁਰੂ ਘਰ ਦਾ ਕਿਡਾ ਵੱਡਾ ਵਧਰੋਹੀ ਸੀ। ਫਿਰ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਕੈਦ ਵਿਚ ਪਵਾਉਣਾ ਤੇ ਕੋਸ਼ਿਸ਼ ਕਰਨੀ ਕਿ ਇਸ ਨੂੰ ਖਤਮ ਕਰ ਦਿਤਾ ਜਾਵੇ, ਏਸੇ ਦਾ ਕੰਮ ਸੀ। ਗੁਰੂ ਹਰਿ ਰਾਏ ਸਾਹਿਬ, ਗੁਰੂ ਹਰਿ ਕ੍ਰਿਸ਼ਨ ਜੀ ਤੱਕ ਖਤਮ ਕਰਾਉਣ ਵਿਚ ਇਨ੍ਹਾਂ ਵਾਹ ਲਾਈ ਹੈ। ਏਸੇ ਦੇ ਗਦੀ-ਨਸ਼ੀਨਾਂ ਨੇ ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਰਵਾਈ। ਸਾਹਿਬ ਗੁਰੂ ਗੋਬਿੰਦ ਸਿੰਘ ਤੇ ਜੋ ਜ਼ੁਲਮ ਹੋਏ, ਬੱਚਿਆਂ ਦੀਆਂ ਸ਼ਹਾਦਤਾਂ, ਫਿਰ ਬੰਦਾ ਸਿੰਘ ਬਹਾਦਰ ਅਤੇ ਨਾਲ ਦੇ ਸਿਖਾਂ ਦੀਆਂ ਸ਼ਹਾਦਤਾਂ, ਪਿਛੋਂ ਸਿਖਾਂ ਦੇ ਬੀਜ-ਨਾਸ ਲਈ ਫ਼ਰਮਾਨ ਜਾਰੀ ਕਰਾਉਣੇ, ਅਤੇ ਵੱਡੇ ਘਲੂਘਾਰੇ ਦੇ ਪਿਛੇ ਇਸ ਸ਼ੇਖ ਅਹਿਮਦ ਸਰਹੰਦੀ ਦੀ ਹੀ ਆਵਾਜ਼ ਹੈ। ਏਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਰੁਧ ਜਹਾਦ ਕਰਨ ਵਾਲਾ ਸੱਯਦ ਅਹਿਮਦੀ ਬਰੇਲਵੀ ਵੀ ਸ਼ੇਖ ਅਹਿਮਦ ਦਾ ਕੱਟੜ ਉਪਾਸ਼ਕ ਸੀ। ਇਹ ਬੜੀ ਦੇਰ ਤਕ ਸੂਬਾ ਪਿਸ਼ਾਵਰ ਵਿਚ ਅਫਰਾ-ਤਫ਼ਰੀ ਮਚਾਉਂਦਾ ਰਿਹਾ। ਅੰਤ ਵਿਚ ੭ ਮਈ ਸੰਨ ੧੮੩੧ ਈ: ਨੂੰ ਬਾਲਾ ਕੋਟ ਦੀ ਲੜਾਈ ਵਿਚ ਖਾਲਸਾ ਫੌਜ ਹਥੋਂ ਮਾਰਿਆ ਗਿਆ।

ਨਾਦਰ ਤੇ ਫਿਰ ਪਿਛੋਂ ਅਬਦਾਲੀ ਨੂੰ ੮ ਵਾਰ ਹਿੰਦੁਸਤਾਨ ਉਤੇ ਚੜ੍ਹਾ ਲਿਆਉਣ ਲਈ ਪ੍ਰੇਰਨਾ ਇਹੋ ਘਰਾਣਾ ਦੇਂਦਾ ਰਿਹਾ। ਮੁਜੱਦਦ ਅਲਫ਼ ਸਾਨੀ ਦਾ ਨਿਸ਼ਾਨਾ ਮਜ਼ਬੂਤ ਇਸਲਾਮੀ ਸਮਾਜ ਕਾਇਮ ਕਰਨਾ, ਸਾਰੇ ਗ਼ੈਰ-ਇਸਲਾਮੀਆਂ ਨੂੰ ਉਸ ਦੇ ਅਧੀਨ ਕਰਨਾ, ਤੇ ਫੇਰ ਹਰ ਤਰੀਕਾ ਵਰਤ ਕੇ ਇਨ੍ਹਾਂ ਨੂੰ ਇਸਲਾਮ ਦੇ ਘੇਰੇ ਵਿਚ ਲੈ ਆਉਣਾ, ਤੇ ਇੰਜ ਸਾਰੇ ਹਿੰਦੁਸਤਾਨ ਨੂੰ ਮੁਕੰਮਲ ਇਸਲਾਮੀ ਮੁਲਕ ਬਣਾ ਦੇਣਾ ਸੀ। ਮੁਲਕ ਦੀ ਵੰਡ ਦਾ ਬੀਜ ਬੀਜਣ ਵਾਲੇ ਸਰ ਸੱਯਦ ਅਹਿਮਦ ਵਰਗੇ ਵੀ ਇਸ ਦੇ ਹੀ ਚੇਲੇ ਸਨ।

ਏਡੇ ਵੱਡੇ ਵੈਰੀ ਦੇ ਮਿਜ਼ਾਰ ਅਤੇ ਨਿਸ਼ਾਨ ਨੂੰ ਥੇਹ ਨਾ ਕਰਨਾ ਸਿਰਫ਼ ਖਾਲਸਾ ਜੀ ਦੇ ਦਿਲ ਗੁਰਦੇ ਦਾ ਹੀ ਕੰਮ ਹੈ। ਹੋਰ ਕੋਈ ਹੁੰਦਾ ਤਾਂ ਇਸ ਮਿਜ਼ਾਰ ਦਾ ਤਲਾ-ਮੂਲ ਪੁੱਟ ਕੇ ਇਸ ਨੂੰ ਮਿੱਟੀ ਵਿਚ ਮਿਲਾ ਕੇ



www.AKJ.Org

ਪੱਧਰ ਕਰ ਦੇਂਦਾ, ਜੋ ਬਿਲਕੁਲ ਵਾਜਬ ਹੁੰਦਾ। ਪਰ ਇਸ ਦੇ ਉਲਟ ਉਸ ਦਾ ਮਕਬਰਾ ਅੱਜ ਵੀ ਖੜਾ ਹੈ।
–ਸਵਰਨ ਸਿੰਘ]

ਅਗੇ ਕਾਜ਼ੀ ਜੀ ਲਿਖਦੇ ਹਨ–

ਇਸ ਸਰਹੰਦ ਦੇ ਇਲਾਕੇ ਵਿਚ ਇਕ ਸਰਦਾਰ [ਸੀ, ਜੋ ਫ਼ੋਜਾਂ ਦਾ ਵੀ ਸਰਦਾਰ ਸੀ। ਇਹ ਏਸੇ ਇਲਾਕੇ ਦਾ ਜ਼ਿਮੀਦਾਰ ਸੀ। ਇਹ ਆਪ ਹੀ ਹਾਕਿਮ ਤੇ ਆਪ ਹੀ ਅਮੀਨ ਵੀ ਸੀ। ਉਂਜ ਤਾਂ ਉਹ ਜਨੇਊ ਪਾਉਣ ਵਾਲਾ ਅੱਗ-ਪੂਜ ਤੇ ਬੁਤ ਪੂਜ ਸੀ।‡ ਪਰ ਪਾਤਸ਼ਾਹ (ਅਹਿਮਦ ਸ਼ਾਹ ਦਾ) ਬੜਾ ਖ਼ਿਦਮਤ-ਗੁਜ਼ਾਰ ਸੀ। ਉਸ ਦਾ ਨਾਮ ਆਲਾ ਸੀ, ਜਾਂ ਆਲਾ ਜੱਟ। ਪਤਾ ਨਹੀਂ ਜੱਟ ਉਸ ਦਾ "ਲਕਬ" ਸੀ ਜਾਂ ਉਸ ਦੀ ਜ਼ਾਤ ਗੋਤ। ਜਦ ਸ਼ਹਿਨਸ਼ਾਹ ਉਸ ਦੇ ਇਲਾਕੇ ਵਿਚ ਦੀ ਲੰਘਿਆ ਤਾਂ ਪਾਤਸ਼ਾਹ ਨੇ ਕਿਸੇ ਨੂੰ ਉਸ ਪਾਸ ਆਖ ਘਲਾਇਆ ਕਿ ਛੇਤੀ ਪਾਤਸ਼ਾਹ ਦੇ ਹਜ਼ੂਰ ਆ ਜਾਵੋ ਤੇ ਆਪਣੀਆਂ ਮਨ-ਭਾਉਂਦੀਆਂ ਮੁਰਾਦਾਂ ਪਾ ਲਵੋ, ਨਹੀਂ ਤਾਂ ਤੁਹਾਡਾ ਸਾਰਾ ਮਾਲੋ-ਮੁਲਕ ਲੁਟਿਆ ਪੁਟਿਆ ਜਾਵੇਗਾ ਤੇ ਤੇਰੇ ਸਿਰ ਦੀ ਖ਼ੈਰ ਨਹੀਂ।

ਇਹ ਸੁਣਦਿਆਂ ਹੀ ਆਲਾ ਆਪਣੀ ਹੈਸੀਅਤ ਮੁਜਬ ਕੁਝ ਕੁ ਤੁਹਫੇ ਲੈ ਕੇ ਪਾਤਸ਼ਾਹ ਦੇ ਹਜ਼ੂਰ ਆ

---

‡ਕਾਜ਼ੀ ਜੀ ਦਾ ਤੁਅੱਸਬ, ਕਟੜਪੁਣਾ, ਸੱਚਾਈ ਨਾਲ ਦੁਸ਼ਮਣੀ ਤੇ ਅਗਿਆਨਤਾ ਸਿਖਾਂ ਦੇ ਜ਼ਿਕਰ ਵੇਲੇ ਆਪ-ਮੁਹਾਰੀ ਡੁਲ੍ਹ ਡੁਲ੍ਹ ਪੈਂਦੀ ਹੈ। ਇਸ ਦੇ ਨਾਲ ਨਾਲ ਨਾ-ਜਾਣਕਾਰੀ ਦਾ ਮੱਕਰ ਵੀ ਕਰਦੇ ਹਨ। ਜਿਵੇਂ ਪਹਿਲਾਂ ਵੀ ਸਿਖਾਂ ਨੂੰ ਜੰਞੂ ਪਾਉਣ ਵਾਲੇ, ਬੁੱਤ ਪੂਜ ਤੇ ਅੱਗ ਪੂਜ ਲਿਖਿਆ ਹੈ। ਬਲੋਚਿਸਤਾਨ ਤੇ ਪੰਜਾਬ ਦਾ ਕੋਈ ਬਹੁਤਾ ਫਰਕ ਨਹੀਂ, ਹੱਦਾਂ ਰਲਦੀਆਂ ਹਨ। ਸਿਖਾਂ ਤੇ ਸਿਖਾਂ ਦੇ ਧਰਮ ਬਾਰੇ ਭਲਾ ਏਨੀ ਲਾ-ਇਲਮੀ ! ਸਿਖਾਂ ਨੂੰ ਬੁੱਤਪ੍ਰਸਤ ਲਿਖਿਆ ਹੈ, ਪਰ ਦਸਿਆ ਨਹੀਂ ਕਿ ਕਿਹੜੇ ਬੁੱਤ ਨੂੰ ਸਿਖ ਪੂਜਦੇ ਹਨ। ਜਨੇਊ ਪਾਉਣ ਬਾਰੇ ਜਾਂ ਅੱਗ ਪੂਜਣ ਬਾਰੇ ਵੀ ਇਹੋ ਜਿਹੀ ਯਭਲੀ ਮਾਰੀ ਹੈ। ਇਹ ਤਾਂ ਕਾਜ਼ੀਗੀਰੀ ਹਾਸਲ ਕਰਨ ਲਈ ਹੀ ਝੂਠ ਮਾਰਿਆ ਜਾ ਰਿਹਾ ਹੈ। ਸਗੋਂ ਈਮਾਨ-ਫਰੋਸ਼ੀ ਕੀਤੀ ਜਾ ਰਹੀ ਹੈ।

ਮਹਾਰਾਜਾ ਆਲਾ ਸਿੰਘ ਜੀ ਨੇ ਠੀਕਰੀ ਵਾਲੇ ਦੇ ਮਕਾਮ ਤੇ ਬਾਬਾ ਦੀਪ ਸਿੰਘ, ਜੋ ਉਸ ਵੇਲੇ "ਦਲ" ਖਾਲਸਾ ਦੇ ਮੁਖੀ ਸਨ ਤੇ ਇਸ ਪਿੰਡ ਵਿਖੇ ਆਏ ਹੋਏ ਸਨ, ਦੇ ਹਥੋਂ ਅੰਮ੍ਰਿਤ ਛਕਿਆ ਸੀ। ਵੱਡੇ ਘਲੂਘਾਰੇ ਤੋਂ ਕਈ ਸਾਲ ਪਹਿਲਾਂ (ਵੇਖੋ ਪੰਥ ਪ੍ਰਕਾਸ਼ ਅਤੇ ਜੀਵਨ ਚਰਿਤ੍ਰ ਬਾਬਾ ਆਲਾ ਸਿੰਘ ਕ੍ਰਿਤ ਸ: ਕਰਮ ਸਿੰਘ ਜੀ ਹਿਸਟੋਰੀਅਨ ਸਫ਼ਾ 77)। ਫਿਰ ਸਾਰਾ ਪ੍ਰਵਾਰ ਹੀ ਅੰਮ੍ਰਿਤਧਾਰੀ ਬਣਿਆ। ਇਸ ਹਾਲਤ ਵਿਚ ਕਾਜ਼ੀ ਜੀ ਦਾ ਬਾਬਾ ਜੀ ਨੂੰ ਬੁੱਤ-ਪੂਜ, ਅੱਗ-ਪੂਜ ਤੇ ਜਨੇਊ ਪਾਉਣ ਵਾਲਾ ਦਸਣਾ ਕਿਡੀ ਵਡੀ ਭੁਲ ਹੈ। ਜੇ ਉਸ ਦੇ ਅੰਮ੍ਰਿਤ-ਧਾਰੀ ਸਿੰਘ ਹੋਣ ਦਾ ਨਹੀਂ ਪਤਾ ਤਾਂ ਉਸ ਦੇ ਬੁਤ-ਪੂਜ ਹੋਣ ਦਾ ਕਿਥੋਂ ਪਤਾ ਲੱਗਾ ? ਇਹ ਕਾਜ਼ੀ ਹੁਰਾਂ ਦਾ ਮੱਕਰ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਸਿਖੀ ਸਰੂਪ ਵਿਚ ਪਾਤਸ਼ਾਹ ਨੂੰ ਮਿਲਣ ਵਜੋਂ ਬਾਬਾ ਜੀ ਨੂੰ ਸਵਾ ਲਖ ਰੁਪਏ ਦੇਣੇ ਪਏ ਸਨ। ਅਤੇ ਇਹ ਗੱਲ ਵਡੇ ਘਲੂਘਾਰੇ ਦੇ ਵੇਲੇ ਦੀ ਹੈ। ਏਸ ਹਮਲੇ ਤੋਂ ਪਹਿਲਾਂ ਦੀ। ਇਹ ਗੱਲ ਵਿਚਾਰ ਗੋਚਰੀ ਹੈ ਕਿ ਇਕ ਜਨੇਊ ਪਾਉਣ ਵਾਲੇ, ਬੁੱਤ ਪੂਜ ਤੇ ਅੱਗ-ਪੂਜ ਹਿੰਦੂ ਨੂੰ, ਜੋ ਅੰਮ੍ਰਿਤ-ਧਾਰੀ ਨਹੀਂ ਤੇ ਸਿਖੀ ਵਿਚ ਵੀ ਸ਼ਰਧਾ ਨਹੀਂ ਰਖਦਾ, ਕੀ ਲੋੜ ਹੈ ਕਿ ਦਾੜ੍ਹੀ ਕੇਸਾਂ ਦੀ ਖਾਤਰ ਸਵਾ ਲੱਖ ਰੁਪਏ ਅਜਾਈਂ ਭਰੇ ?

ਮਲੇਰ ਕੋਟਲੀਏ ਭੀਖਣ ਖਾਂ, ਗਵਰਨਰ ਸਰਹੰਦ ਜ਼ੈਨ ਖਾਂ ਤੇ ਉਸਦੇ ਦੀਵਾਨ ਲਕਸ਼ਮੀ ਨਾਰਾਇਣ ਨੇ ਮਿਲ ਕੇ ਅਹਿਮਦਸ਼ਾਹ ਨੂੰ ਪਰੇਰਿਆ ਸੀ ਕਿ ਸ: ਆਲਾ ਸਿੰਘ ਉਤੇ ਹੱਲਾ ਕੀਤਾ ਜਾਵੇ, ਕਿਉਂਕਿ ਇਹ ਸਿੱਖ ਹੈ ਤੇ ਸਿਖਾਂ ਨਾਲ ਇਸਦੀ ਢੋਹ ਹੈ। ਇਨ੍ਹਾਂ ਆਲਾ ਸਿੰਘ ਨਾਲ ਇੰਜ ਖੌਰ ਕਢਿਆ ਸੀ ਤੇ ਅਹਿਮਦ-ਸ਼ਾਹ ਤੋਂ ਬਰਨਾਲੇ ਉਤੇ ਹੱਲਾ ਕਰਾ ਕੇ ਉਸ ਨੂੰ ਤਬਾਹ ਕਰਾਇਆ ਸੀ। –ਸਵਰਨ ਸਿੰਘ]



www.AKJ.Org

ਗਿਆ। ਤੁਹਫੇ ਭਾਵੇਂ ਮਾਮੂਲੀ ਤੇ ਪਾਤਸ਼ਾਹ ਦੇ ਲਾਇਕ ਨਹੀਂ ਸਨ, ਪਰ ਇਹ ਉਸ ਦੀ ਨੇਕ ਨੀਤੀ ਦੀ ਨਿਸ਼ਾਨੀ ਸਨ। ਪਾਤਸ਼ਾਹ ਨੇ ਇਹ ਕਬੂਲ ਕਰ ਲਏ। ਪੰਜਾਬ, ਲਾਹੌਰ ਤੇ ਸਰਹੰਦ ਦੇ ਇਲਾਕਿਆਂ ਵਿਚ ਹੋਰ ਕੋਈ ਐਸਾ ਸ਼ਖ਼ਸ ਨਹੀਂ ਸੀ ਜਿਸ ਦੀ ਇਸ ਜਿੰਨੀ ਪਹੁੰਚ ਹੋਵੇ। ਬੇ-ਲਾਗ ਦੋਸਤੀ ਦੇ ਪਖੋਂ ਇਹ ਦੂਸਰੇ ਹਿੰਦੀਆਂ ਨਾਲੋਂ ਪਾਤਸ਼ਾਹ ਦਾ ਜ਼ਿਆਦਾ ਖ਼ੈਰਖ਼ਾਹ ਹੈ। ਉਂਜ ਤਾਂ ਭਾਵੇਂ ਇਹ ਹਿੰਦੂ ਤੇ ਬੁਤ-ਪੂਜ ਹੀ ਹੈ, ਪਰ ਇਹ ਹੋਰਨਾਂ ਹਿੰਦੂਆਂ ਨਾਲੋਂ ਬਹੁਤ ਚੰਗਾ ਹੈ। ਸਿਖਾਂ ਨਾਲ ਇਸ ਦਾ ਸਦੀਵੀ ਵਿਰੋਧ ਹੈ ਤੇ ਸਿਖਾਂ ਨਾਲ ਹਮੇਸ਼ਾ ਇਹ ਲੜਾਈਆਂ ਕਰਦਾ ਰਹਿੰਦਾ ਹੈ। ਭਾਵੇਂ ਇਹ ਲੜਾਈਆਂ ਦੁਨੀਆਵੀ ਲਾਭਾਂ ਵਾਸਤੇ ਹਨ, ਦੀਨ ਧਰਮ ਦੀ ਖ਼ਾਤਰ ਨਹੀਂ ਹਨ। ਸਿਖ ਉਸ ਦੀ ਨਜ਼ਰੋਂ ਆਸਾ ਪਾਸਾ ਹੀ ਕਰਦੇ ਹਨ ਤੇ ਲੜਾਈ ਵਿਚ ਅਕਸਰ ਉਸ ਅੱਗੇ ਨੱਸ ਜਾਂਦੇ ਹਨ।† ਇਸ ਦੇ ਨੌਕਰਾਂ ਵਿਚ ਹਿੰਦੂ ਵੀ ਹਨ ਤੇ ਮੁਸਲਮਾਨ ਵੀ।

---

†ਇਹ ਪਹਿਲਾ ਸਮਾਂ ਹੈ ਕਿ ਠੀਕਰੀ ਵਾਲੇ ਦੇ ਮਕਾਮ ਤੇ ਅੰਮ੍ਰਿਤ ਛਕਣ ਪਰ ਹੀ ਖਾਲਸਾ "ਦਲ" ਨੂੰ ਬਾਬਾ ਜੀ ਦਾ ਤੇ ਬਾਬਾ ਜੀ ਨੂੰ ਖਾਲਸਾ "ਦਲ" ਦਾ ਪਤਾ ਲਗਾ। ਇਸ ਤੋਂ ਪਿਛੋਂ ਆਪੋ ਵਿਚ ਇਹੋ ਜਿਹਾ ਨੇੜ ਬਣ ਗਿਆ ਕਿ ਖਾਲਸਾ "ਦਲ" ਨੇ ਬਾਬਾ ਜੀ ਦੇ ਕਈ ਵੈਰੀ ਸੋਧੇ ਤੇ ਕਈ ਮੁਹਿੰਮਾਂ ਜਿੱਤ ਕੇ ਦਿਤੀਆਂ। ਹਰ ਭੀੜ ਸਮੇਂ ਖਾਲਸਾ "ਦਲ" ਬਾਬਾ ਜੀ ਦਾ ਸਹਾਈ ਹੁੰਦਾ ਰਿਹਾ। ਬਾਬਾ ਜੀ ਵਲੋਂ ਸ਼ੇਖੂ ਸਿੰਘ ਹੰਬਲਕਾ ਵਕੀਲ ਦੇ ਤੌਰ ਤੇ ਖਾਲਸਾ "ਦਲ" ਨਾਲ ਰਿਹਾ ਕਰਦਾ ਸੀ।

ਖਾਲਸਾ "ਦਲ" ਤੇ ਬਾਬਾ ਆਲਾ ਸਿੰਘ ਦਾ ਆਪੋ ਵਿਚ ਏਨਾ ਸਨੇਹ ਸੀ ਕਿ ਆਪੋ ਵਿਚ ਲੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਨਾ ਹੀ ਕੋਈ ਐਸੀ ਟੱਕਰ ਹੀ ਹੋਈ ਹੈ ਜਿਸ ਵਿਚ ਖਾਲਸਾ "ਦਲ" ਉਸ ਤੋਂ ਹਾਰ ਕੇ ਅੱਗੇ ਲੱਗ ਕੇ ਨੱਸ ਗਿਆ ਹੋਵੇ।

ਹਾਂ ਇਕ ਘਟਣਾ ਜ਼ਰੂਰ ਹੋਈ ਹੈ ਅਤ ਉਹ ਵੀ ਅਬਦਾਲੀ ਦੇ ਜ਼ਾਣ ਤੋਂ ਪਿਛੋਂ। ਖਾਲਸਾ "ਦਲ" ਅਬਦਾਲੀ ਨੂੰ ਬਿਆਸ ਟਪਾ ਕੇ ਬਾਬਾ ਜੀ ਵਲ ਉਲਰ ਪਿਆ। ਉਨ੍ਹਾਂ ਨੂੰ ਰੋਸ ਸੀ ਕਿ ਇਨ੍ਹੇ ਅਬਦਾਲੀ ਦੇ ਸਾਹਮਣੇ ਸਿਰ ਕਿਉਂ ਨੀਵਾਂ ਕੀਤਾ ਤੇ ਉਸ ਤੋਂ ਇਹ ਰਾਜਗੀ ਦਾ ਖ਼ਿਤਾਬ ਕਿਉਂ ਲਿਆ। ਦਿਲੀ ਦਰਬਾਰ ਨੇ ਪਹਿਲਾਂ ਜੋ ਖਿਤਾਬ ਸਿੰਘਾਂ ਨੂੰ ਘਲਾਇਆ ਸੀ, ਉਸ ਨੂੰ ਕਿਸੇ ਨੇ ਕਬੂਲਿਆ ਨਹੀਂ ਸੀ। ਲਿਆਉਣ ਵਾਲਿਆਂ ਦੇ ਮੁੜ ਮੁੜ ਬੇਨਤੀ ਕਰਨ ਤੇ ਕਪੂਰ ਸਿੰਘ ਨੂੰ, ਜੋ ਉਸ ਵੇਲੇ ਪੱਖੇ ਦੀ ਸੇਵਾ ਕਰ ਰਿਹਾ ਸੀ, ਖਾਲਸਾ ਜੀ ਨੇ ਬਦੋ ਬਦੀ ਨਵਾਬੀ ਦਾ ਖ਼ਿਤਾਬ ਦਿਤਾ ਸੀ। ਉਸ ਨੇ ਵੀ ਲੈਣ ਲਗਿਆਂ ਖਾਲਸਾ ਜੀ ਤੋਂ ਇਹ ਮੰਨਵਾ ਲਿਆ ਸੀ ਕਿ ਇਹ ਖ਼ਿਤਾਬ ਮੈਂ ਖਾਲਸਾ ਜੀ ਤੋਂ ਕਬੂਲ ਕਰ ਰਿਹਾ ਹਾਂ, ਕਿਸੇ ਦੜੇ ਦਿੱਲੀ ਦੇ ਪਾਤਸ਼ਾਹ ਤੋਂ ਨਹੀਂ। ਫਿਰ ਖ਼ਿਲਅਤ ਆਦਿ ਨੂੰ ਖਾਲਸਾ ਜੀ ਦੇ ਚਰਨਾਂ ਨਾਲ ਛੁਹਾ ਕੇ ਲਿਆ ਸੀ। ਆਲਾ ਸਿੰਘ ਨੇ ਏਨੀ ਕਮਜ਼ੋਰੀ ਕਿਉਂ ਵਿਖਾਈ। ਉਸ ਨੇ ਅੰਮ੍ਰਿਤਧਾਰੀ ਹੋ ਕੇ ਕਲਗੀਗਰ ਪਾਤਸ਼ਾਹ ਦੀ ਮੋਹਰ ਕੇਸਾਂ ਵਾਲਾ ਸਿਰ ਦੁਰਾਨੀ ਅਗੇ ਕਿਉਂ ਨੀਵਾਂ ਕੀਤਾ ?

ਜਦ ਖਾਲਸਾ ਦਲ ਪਟਿਆਲੇ ਵਲ ਵਧਿਆ, ਉਸ ਵੇਲੇ ਦਲ ਦਾ ਮੋਹਰੀ ਹਰੀ ਸਿੰਘ ਭੰਗੀ ਸੀ।

ਇਸ ਪਹਿਲੇ ਮੌਕੇ ਤੇ ਬਾਬਾ ਜੀ ਦੀ ਫੌਜ ਖਾਲਸਾ ਦਲ ਦੇ ਸਾਹਮਣੇ ਆਈ। ਪਰ ਦੂਜੇ ਪਾਸੇ ਬਾਬਾ ਜੀ ਨੇ ਆਪਣੇ ਵਕੀਲ ਵੀ ਖਾਲਸਾ "ਦਲ" ਵੱਲ ਘਲ ਕੇ ਬੇਨਤੀ ਕੀਤੀ ਕਿ ਇਸ ਹੋਈ ਅਵੱਗਿਆ ਬਦਲੇ ਤਨਖ਼ਾਹ ਲਾ ਕੇ ਖਾਲਸਾ ਜੀ ਬਖਸ਼ ਦੇਵੇ ਤੇ ਝਗੜਾ ਖਤਮ ਹੋ ਜਾਵੇ। ਅਜੇ ਗੱਲ ਵਿਚ-ਵਿਚਾਲੇ ਹੀ ਸੀ ਕਿ ਦੋਹਾਂ ਫੌਜਾਂ ਦਾ ਲੰਗ-ਚਲਾਇਲੇ (ਤਵਾਰੀਖ ਪੰਜਾਬ-ਕਿਰਤ ਬੂਟੇ ਸ਼ਾਹ) ਟਾਕਰਾ ਹੋ ਗਿਆ। ਢੋਅ ਐਸਾ ਢੁਕਿਆ ਕਿ ਅਰੰਭ ਵਿਚ ਹੀ ਸ: ਹਰੀ ਸਿੰਘ ਭੰਗੀ ਗੋਲੀ ਲੱਗ ਜਾਣ ਨਾਲ ਘਾਇਲ ਹੋ ਗਿਆ ਤੇ ਚਲਾਣਾ ਕਰ ਗਿਆ। (ਨੋਟ :—ਲੰਗ ਅਤੇ ਚਲਾਇਲਾ ਪਟਿਆਲੇ ਦੇ ਉੱਤਰ ਵਿਚ ਦੋ ਪਿੰਡ ਹਨ। ਇਹ ਟਾਕਰਾ

(ਬਾਕੀ ਦੇਖੋ ਸਫਾ ੨੭ ਦੇ ਹੇਠਾਂ)



www.AKJ.Org

ਸਾਹਮਣੇ ਵੀ ਤੇ ਪਿਠ ਪਿਛੇ ਵੀ ਪਾਤਸ਼ਾਹ ਦੀ ਸੇਵਾ ਤਨੋਂ ਮਨੋਂ ਚਾਹੁੰਦਾ ਹੈ। ਪਾਤਸ਼ਾਹ ਦਾ ਜੋ ਵੀ ਹੁਕਮ

(ਸਫਾ ੨੬ ਦੇ ਫੁਟ ਨੋਟ ਦੀ ਬਾਕੀ)

ਇਨ੍ਹਾਂ ਪਿੰਡਾਂ ਵਿਚਕਾਰ ਹੋਇਆ ਸੀ।) ਸ: ਜੱਸਾ ਸਿੰਘ ਨੇ ਪਤਾ ਲਗਦਿਆਂ ਸਾਰ ਵਿਚ ਪੈ ਕੇ ਦੋਵੇਂ ਦਲ ਨਿਖੇੜ ਦਿਤੇ ਤੇ ਲੜਾਈ ਬੰਦ ਕਰਾ ਕੇ ਜਥੇਦਾਰਾਂ ਨੂੰ ਸਮਝਾਇਆ ਕਿ ਆਪਸ ਵਿਚ ਕਿਉਂ ਲੜ ਕੇ ਮਰਦੇ ਹੋ। ਬਿਗਾਨਿਆਂ ਵਲ ਹੋਵੋ ਖਾਂ, ਜਿਥੋਂ ਕੁਝ ਬਣੇ ਵੀ। ਸ: ਜਸਾ ਸਿੰਘ ਦੀ ਇਹ ਗੱਲ ਮੰਨ ਲਈ ਗਈ। ਬਾਬਾ ਆਲਾ ਸਿੰਘ ਨੂੰ ਮੁੜ ਅੰਮ੍ਰਿਤ ਛਕਾ ਕੇ ਤਨਖਾਹ ਲਾਈ ਤੇ ਦਲ ਜਮਨਾ ਟੱਪ ਕੇ ਗੰਗ ਦੁਵਾਬ ਵੱਲ ਚਲਿਆ ਗਿਆ।

ਖਾਲਸਾ ਜੀ ਦੀ ਇਹ ਝੜਪ ਬਾਬਾ ਆਲਾ ਸਿੰਘ ਨਾਲ ਦੁਰਾਨੀ ਤੇ ਕਾਜ਼ੀ ਹੁਰਾਂ ਦੇ ਚਲੇ ਜਾਣ ਤੋਂ ਬਾਅਦ ਹੋਈ ਹੈ। ਕਿਥੇ ਸਿੰਘ ਬਾਬਾ ਜੀ ਨਾਲ ਲੜੇ ਤੇ ਕਿਥੇ ਉਸ ਦੇ ਹਥੋਂ ਭਜੇ ਜਾਂ ਮਾਰੇ ਗਏ। ਸਿੰਘਾਂ ਦੀ ਨਿਰਾਦਰੀ ਕਰ ਕੇ ਮਾਲਕ ਨੂੰ ਖੁਸ਼ ਕਰਨ ਲਈ ਕਾਜ਼ੀ ਜੀ ਹੁਰਾਂ ਇਹ ਯੱਕੜ ਹੀ ਵਢੇ ਹਨ।

ਬਾਬਾ ਆਲਾ ਸਿੰਘ ਜੀ ਨੇ ਕਦੇ ਵੀ ਇਹ ਨਹੀਂ ਸੀ ਚਿਤਵਿਆ ਕਿ ਖਾਲਸਾ "ਪੰਥ" ਨਾਲ ਵਿਗਾੜੀ ਜਾਵੇ। ਆਪ "ਪੰਥ" ਦੀ ਤਾਕਤ ਤੇ ਕਮਾਈਆਂ ਨੂੰ ਚੰਗੀ ਤਰ੍ਹਾਂ ਜਾਣਦੇ ਤੇ ਸਮਝਦੇ ਸਨ ਕਿ ਦਿਲੀ ਦੀ ਮੁਗਲ ਤੇ ਕੰਧਾਰ ਦੀ ਦੁਰਾਨੀ ਹਕੂਮਤਾਂ ਦੀ ਛੱਟ ਸਿਰਫ "ਪੰਥ" ਦੀ ਮੇਹਰਬਾਨੀ ਕਰਕੇ ਹੀ ਸਿਰੋਂ ਲਥੀ ਹੈ। ਬਾਬਾ ਆਲਾ ਸਿੰਘ ਵਿਚ ਖਾਲਸਾ "ਪੰਥ" ਨਾਲ ਟਕਰਾਉਣ ਦੀ ਨਾ ਤਾਕਤ ਸੀ ਤੇ ਨਾ ਉਨ੍ਹਾਂ ਦੀ ਮਨਸ਼ਾ ਹੀ ਸੀ।

ਇਹ ਮੰਨਣ ਵਾਲੀ ਗੱਲ ਹੈ ਕਿ ਜਦ ਅਹਿਮਦਸ਼ਾਹ ਸਰਹੰਦ ਨੂੰ ਬਾਬਾ ਆਲਾ ਸਿੰਘ ਦੇ ਪੇਟੇ ਪਾ ਕੇ ਵਾਪਸ ਮੁੜ ਗਿਆ ਤਾਂ ਆਪ ਨੇ ਸਤਲੁਜ ਤੇ ਜਮਨਾ ਦੇ ਵਿਚਕਾਰ ਕੁਝ ਉਨ੍ਹਾਂ ਇਲਾਕਿਆਂ ਤੇ ਵੀ ਕਬਜ਼ਾ ਕਰ ਲਿਆ ਸੀ ਜੋ ਪਹਿਲਾਂ ਦੂਸਰੇ ਸਰਦਾਰਾਂ ਮੱਲੇ ਹੋਏ ਸਨ। ਉਦਾਹਰਣ ਵਜੋਂ, ਬੂੜੀਏ, ਸ਼ਾਹਬਾਦ, ਸਢੌਰਾ ਤੇ ਰੋਪੜ ਦੇ ਇਲਾਕਿਆਂ ਵਿਚ ਬਾਬਾ ਜੀ ਨੇ ਆਪਣੇ ਠਾਣੇ ਬਿਠਾ ਦਿਤੇ ਸਨ। ਪਰ ਇਨ੍ਹਾਂ ਉਤੇ ਉਨ੍ਹਾਂ ਦਾ ਪੱਕੇ ਤੌਰ ਤੇ ਕਬਜ਼ਾ ਕਰਨ ਦਾ ਮਨਸ਼ਾ ਨਹੀਂ ਸੀ। ਜਿਉਂ ਜਿਉਂ ਸਿੰਘ ਆਪਣੀਆਂ ਮੱਲਾਂ ਵੱਲ ਆਉਂਦੇ ਗਏ, ਬਾਬਾ ਜੀ ਬਿਨਾ ਕਿਸੇ ਲੜਾਈ ਤੋਂ ਉਨ੍ਹਾਂ ਨੂੰ ਉਨ੍ਹਾਂ ਦੇ ਇਲਾਕੇ ਸੌਂਪਦੇ ਗਏ। ਭਾਵੇਂ ਉਨ੍ਹਾਂ ਦੀ ਮਰਜ਼ੀ ਨਹੀਂ ਸੀ ਕਿ ਸਿੰਘਾਂ ਨਾਲ ਕਦੇ ਵੀ ਵਿਗਾੜੀ ਜਾਵੇ, ਪਰ ਮਾਤਾ ਫ਼ਤਹ ਕੌਰ ਜੀ (ਮਾਈ ਫਤੋ ਜੀ) ਖਾਸ ਤੌਰ ਤੇ ਜ਼ਿੱਦ ਕਰ ਰਹੇ ਸਨ ਕਿ ਸਿੰਘਾਂ ਦੀਆਂ ਮੱਲਾਂ ਨੂੰ ਕਦੇ ਵੀ ਛੇੜਿਆ ਨਾ ਜਾਵੇ। ਉਨ੍ਹਾਂ ਦੇ ਇਲਾਕੇ ਇੱਨ ਬਿੱਨ ਉਨ੍ਹਾਂ ਨੂੰ ਵਾਪਸ ਕਰ ਕੇ ਸਿੰਘਾਂ ਸਰਦਾਰਾਂ ਤੇ ਸਮੁੱਚੇ "ਪੰਥ" ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਣ। ਬਾਬਾ ਜੀ ਨੇ ਇੰਜ ਹੀ ਕੀਤਾ।

ਕਾਜ਼ੀ ਜੀ ਦਾ ਇਸ ਝੂਠ ਤੋਂ, ਕਿ ਉਸ ਨੇ ਕਈ ਲੜਾਈਆਂ ਵਿਚ ਸਿੰਘਾਂ ਨੂੰ ਹਲਾਕ ਕੀਤਾ ਸੀ ਤੇ ਸਿੰਘ ਉਸ ਤੋਂ ਹਾਰ ਖਾ ਕੇ ਉਸਦੇ ਅੱਗੇ ਲੱਗ ਕੇ ਭਜ ਜਾਂਦੇ ਸਨ, ਡੂੰਘਾ ਮਕਸਦ ਹੈ। ਉਹ ਸਾਬਤ ਕਰਨਾ ਚਾਹੁੰਦਾ ਹੈ ਕਿ ਸਿੰਘ ਇਕ ਲੁਟੇਰਿਆਂ ਤੇ ਡਕੈਤਾਂ ਦਾ ਟੋਲਾ ਹੈ, ਉਹ ਮੁਸਲਮਾਨ ਹਕੂਮਤ ਤੇ ਸਿਖ ਰਾਜ ਦੇ ਇਕੋ ਜਿਹੇ ਵੈਰੀ ਹਨ। ਉਨ੍ਹਾਂ ਨੂੰ ਬਰਬਾਦ ਕਰ ਦੇਣਾ ਹੀ ਠੀਕ ਹੈ। ਪਾਤਸ਼ਾਹ ਨੇ ਆਲਾ ਸਿੰਘ ਨੂੰ ਸਿਖ-ਵਿਰੋਧੀ ਸੇਵਾਵਾਂ ਕਰਕੇ ਹੀ ਨਿਵਾਜਿਆ ਹੈ। ਬਾਬਾ ਆਲਾ ਸਿੰਘ ਨੂੰ ਸਿਖ-ਵਿਰੋਧੀ ਸਾਬਤ ਕਰਨ ਲਈ ਉਸ ਨੂੰ ਝੂਠ ਤੋਂ ਕੰਮ ਲੈ ਕੇ ਇਹ ਲਿਖਣਾ ਹੀ ਪੈਂਦਾ ਸੀ ਕਿ ਉਹ ਸਿਖਾਂ ਨੂੰ ਲੜਾਈਆਂ ਵਿਚ ਮਾਰਦਾ ਸੀ ਤੇ ਸਿਖ ਉਸ ਤੋਂ ਹਾਰ ਖਾ ਕੇ ਭਜ ਉਠਦੇ ਸਨ। ਹੋਰ ਉਹ ਲਿਖੇ ਵੀ ਕੀ ?

ਸਰਹੰਦ ਦੀ ਸੂਬੇਦਾਰੀ ਬਾਰੇ ਅਹਿਮਦ ਸ਼ਾਹ ਤੇ ਆਲਾ ਸਿੰਘ ਦੋਵੇਂ ਹੀ ਜਾਣਦੇ ਸਨ ਕਿ ਇਸ ਦਾ ਕੀ ਮਤਲਬ ਹੈ। ਕੋਈ ਮੁਸਲਮਾਨ ਹੀਆ ਨਹੀਂ ਸੀ ਕਰਦਾ ਇਸ ਬਿਪਤਾ ਨੂੰ ਆਪਣੇ ਸਿਰ ਲੈਣ ਲਈ। ਮਲੇਰੀਏ ਇਸ ਪਾਸੇ ਮੂੰਹ ਨਹੀਂ ਸਨ ਕਰਦੇ। ਬਾਬਾ ਜੀ ਵਕਤ ਟਾਲਣਾ ਚਾਹੁੰਦੇ ਸਨ। ਅਹਿਮਦ ਸ਼ਾਹ ਨੇ ਇਹ ਤੁਹਫ਼ੇ ਵਜੋਂ ਉਸ ਨੂੰ ਨਹੀਂ ਸੀ ਦਿਤੀ, ਸਗੋਂ ਉਸ ਦੇ ਬੂਹੇ ਅੱਗੇ ਬਲਾ ਬੰਨ੍ਹ ਗਿਆ ਸੀ।

—ਸਵਰਨ ਸਿੰਘ



www.AKJ.Org

ਹੋਵੇ, ਉਸ ਨੂੰ ਸਿਰ ਮੱਥੇ ਤੇ ਮੰਨਦਾ ਹੈ। ਦੂਸਰੇ ਜ਼ਿਮੀਦਾਰ ਮੂਰਖ ਨਿਕਲੇ ਹਨ ਜਿਨ੍ਹਾਂ ਦਾਨਸ਼ਮੰਦੀ ਨਹੀਂ ਕੀਤੀ ਤੇ ਪਾਤਸ਼ਾਹ ਦੇ ਹਜ਼ੂਰ ਆਉਣ ਦੀ ਥਾਂ ਕਿਧਰੇ ਦੀ ਕਿਧਰੇ ਨੱਸ ਭਜ ਕੇ ਜਾ ਛੁਪੇ ਹਨ। ਇਹੋ ਕਾਰਨ ਹੈ ਕਿ ਉਨ੍ਹਾਂ ਦਾ ਸਾਰਾ ਮੁਲਕ (ਇਲਾਕੇ) ਤੇ ਮਾਲ ਧਨ ਲੁਟਿਆ ਪੁਟਿਆ ਗਿਆ ਹੈ। ਜੇ ਉਨ੍ਹਾਂ ਨੂੰ ਭੋਰਾ ਮਾਸਾ ਵੀ ਅਕਲ ਹੁੰਦੀ ਤਾਂ ਆਪਣੀ ਵਿਤ ਮੂਜਬ ਨਜ਼ਰਾਂ ਨਜ਼ਰਾਨੇ ਲੈ ਕੇ ਪਾਤਸ਼ਾਹ ਦੇ ਹਜ਼ੂਰ ਆ ਜਾਂਦੇ ਤਾਂ ਖਜ਼ਾਨੇ ਬਖਸ਼ਣ ਵਾਲਾ ਪਾਤਸ਼ਾਹ ਉਨ੍ਹਾਂ ਨੂੰ ਮੁਲਕ ਤੇ ਧਨ ਪਦਾਰਥ ਬਖਸ਼ਣ ਦੀ ਕਿਰਪਾਲਤਾ ਕਰਦਾ। ਪਾਤਸ਼ਾਹ ਤਾਂ ਵਾਰ ਵਾਰ ਇਹ ਗੱਲ ਕਹਿੰਦਾ ਸੀ ਕਿ ਇਹ ਜ਼ਿਮੀਦਾਰ ਬੜਾ ਮਾੜਾ ਕਰ ਰਹੇ ਹਨ, ਜੋ ਮੈਥੋਂ ਬੇਵਜਹ ਹੀ ਨੱਸੇ ਜਾਂਦੇ ਹਨ। ਮੈਂ ਇਨ੍ਹਾਂ ਪਾਸੋਂ ਕੋਈ ਧਨ ਦੌਲਤ ਨਹੀਂ ਚਾਹੁੰਦਾ। ਜੋ ਕੁਝ ਵੀ ਇਨ੍ਹਾਂ ਦੇ ਹੱਥ ਪਲੇ ਹੈ, ਲੈ ਆਉਣ ਤੇ ਮੈਥੋਂ ਬਿਲਕੁਲ ਨਾ ਡਰਨ। ਜਿਮੀਦਾਰਾਂ ਦੀ ਗੱਲ ਤਾਂ ਇਕ ਪਾਸੇ ਰਹੀ, ਜੇਕਰ ਸਿਖ ਵੀ ਆ ਜਾਣ ਤੇ ਆਗਿਆਕਾਰੀ ਹੋਣਾ ਮੰਨ ਲੈਣ, ਪਾਤਸ਼ਾਹ ਉਨ੍ਹਾਂ ਦੇ ਗੁਨਾਹਾਂ ਤੇ ਵਧੀਕੀਆਂ ਨੂੰ ਵੀ ਮੁਆਫ਼ ਕਰ ਦੇਵੇ। ਪਰ ਜਿਸ ਦੇ ਨਸੀਬ ਮਾੜੇ ਹੋਣ ਉਸ ਦੀ ਮੱਤ ਪਹਿਲਾਂ ਹੀ ਮਾਰੀ ਜਾਂਦੀ ਹੈ।

ਮੁਕਦੀ ਗੱਲ ਇਹ ਕਿ ਜਦ ਆਲਾ ਜੱਟ ਪਾਤਸ਼ਾਹ ਦੀ ਖਿਦਮਤ ਵਿਚ ਹਾਜ਼ਰ ਹੋਇਆ ਤਾਂ ਪਾਤਸ਼ਾਹ ਨੇ ਉਸ ਨੂੰ ਪੁਛਿਆ ਕਿ ਇਹ ਵਸਦਾ-ਰਸਦਾ ਸਰਹੰਦ ਸ਼ਹਿਰ ਵਿਰਾਨ ਕਿਵੇਂ ਹੋ ਗਿਆ ? ਤਾਂ ਉਸ ਨੇ ਬੜੀ ਨਿਮਰਤਾ ਨਾਲ ਦਸਿਆ ਕਿ ਸਿਖਾਂ ਦੇ ਜ਼ੋਰ-ਜ਼ੁਲਮ ਕਾਰਨ ਇਹ ਇਲਾਕਾ ਤਬਾਹ ਹੋਇਆ ਹੈ। ਮੈਂ ਸਿਖਾਂ ਨਾਲ ਕਈ ਲੜਾਈਆਂ ਕੀਤੀਆਂ ਹਨ ਤੇ ਉਨ੍ਹਾਂ ਦੇ ਬੁਰੀ ਤਰ੍ਹਾਂ ਤੁਵਾਹੇ ਲਾਹੇ ਹਨ ਤੇ ਮੈਥੋਂ ਭਾਵੇਂ ਇਹ ਬਹੁਤ ਵਾਰ ਬੁਰੀ ਤਰ੍ਹਾਂ ਹਾਰ ਵੀ ਚੁਕੇ ਹਨ, ਪਰ ਵਾਹ ਕੋਈ ਨਹੀਂ ਜਾਂਦੀ, ਮੇਰੇ ਨਾਲ ਲੜਨੋਂ ਟਲਦੇ ਹੀ ਨਹੀਂ। ਕਿਉਂਕਿ ਚਾਰ ਚੁਫੇਰਿਓਂ ਆਦਮੀ ਆ ਆ ਕੇ ਸਿਖਾਂ ਪਾਸ ਜਾਂਦੇ ਹਨ ਤੇ ਸਿਖ ਬਣ ਜਾਂਦੇ ਹਨ। ਜਿਥੇ ਇਕ ਸਿਖ ਮਰਦਾ ਹੈ, ਉਥੇ ਉਸ ਦਾ ਬਦਲਾ ਲੈਣ ਲਈ ਦੋ ਸਿਖ ਆਣ ਪਹੁੰਚਦੇ ਹਨ, ਕਿਉਂਕਿ ਸਿਖਾਂ ਦੇ ਗੁਰੂ ਦੀ ਸਿਖਾਂ ਨੂੰ ਇਹ ਅਸੀਸ ਹੈ ਕਿ ਜਿਥੇ ਇਕ ਸਿਖ ਮਰੂ ਉੱਥੇ ਦੋ ਸਿਖ ਆ ਜਾਣਗੇ। ਜੇਕਰ ਪਾਤਸ਼ਾਹ ਕਿਰਪਾ ਕਰਕੇ ਇਹ ਸਰਹੰਦ ਦਾ ਇਲਾਕਾ ਬਖਸ਼ਿਸ਼ ਮੇਰੇ ਸਪੁਰਦ ਕਰ ਦੇਵੇ ਤਾਂ ਮੈਂ ਪਹਿਲਾਂ ਨਾਲੋਂ ਵੀ ਵਧ ਕੇ ਘੁਗ ਵਸਦਾ ਰਸਦਾ ਬਣਾ ਦੇਵਾਂਗਾ। ਪਰ ਮੇਰੀ ਸ਼ਰਤ ਹੈ ਕਿ ਇਕ ਸਾਲ ਦਾ ਮਾਲੀਆ ਮੈਨੂੰ ਮੁਆਫ਼ ਕਰ ਦਿਤਾ ਜਾਵੇ।

ਅਗਰ ਬਾ ਸਗਾਂ ਕਰਦਹ ਅੱਮ ਕਾਰਜ਼ਾਰ। ਬਰ ਆਵੁਰਦਮ ਅਜ਼ ਰੋਜ਼ਗਾਰਸ਼ ਦਮਾਰ।
ਵਲੇਕਿਨ ਜ਼ਿ ਜੰਗਮ ਨਦਾਰੰਦ ਦਸਤ। ਅਗਰ ਚੰਦ ਬੀਨਿੰਦ ਅਜ਼ ਮਨ ਸ਼ਿਕੱਸਤ।
ਕਿ ਅਜ਼ ਹਰ ਤਰਫ਼ ਮਰਦਮਾਂ ਆਮਦੰਦ। ਬ-ਪੇਸ਼ੇ ਸਗਾਂ ਆਮਦਹ ਸਗ ਸ਼ੁਦੰਦ।
ਅਗਰ ਯਕ ਸਗੇ ਮੁਰਦ ਬਰ ਜਾਏ ਊ। ਦੋ ਸਗ ਦੀਗਰ ਆਇੰਦ ਸ਼ਵੱਦ ਕੀਨਾ-ਜੂ।
ਕਿ ਹਸਤ ਈਂ ਦੁਆਏ ਗੁਰੂਏ ਸਗਾਂ। ਕਿ ਯਕ ਸਗ ਰਵਦ ਦੋ ਸਗ ਆਇੰਦ ਅਜ਼ਾਂ।
ਅਗਰ ਈਂ ਮੁਲਕਿ ਸਰਹੰਦ ਰਾ ਬਾਦਸ਼ਾਹ। ਤੂ ਬਾ ਮਨ ਸਪੁਰਦ ਅਜ਼ ਕਰਮੋ ਜ਼ਿ ਅਤਾਅ।
ਬ-ਕਮ ਮੁਦਤ ਆਬਾਦ ਸਾਜ਼ਿਮ ਚੁਨਾਂ। ਕਿ ਬੁਦ ਪੇਸ਼ਤਰ ਬਲ ਜ਼ਿਆਦਾ ਅਜ਼ਾਂ।
ਵਲੇ ਦਖ਼ਲੇ ਯਕ ਸਾਲਾ ਬਖ਼ਸ਼ੀ ਬ-ਮਨ। ਬਦਾਦਸ਼ ਬਦੀਂ ਸ਼ਰਤ ਸ਼ਾਹਿ ਜ਼ਮਨ।

[ਸਫ਼ਾ 127-28, ਸਤਰਾਂ 40 ਤੋਂ 50 ਤਕ]

ਪਾਤਸ਼ਾਹ ਨੇ ਜਦ ਉਸ ਨੂੰ ਏਨਾ ਸਾਫ਼-ਦਿਲ ਵੇਖਿਆ ਤਾਂ ਓਸੇ ਵੇਲੇ ਹੀ ਸਰਹੰਦ ਦਾ ਇਲਾਕਾ ਉਸ ਦੇ ਯੋਗ ਸਿਰੋਪਾਉ ਵਜੋਂ ਉਸ ਨੂੰ ਬਖਸ਼ ਦਿਤਾ। ਇਸ ਦੇ ਨਾਲ ਹੀ ਉਸ ਨੂੰ ਝੰਡਾ ਤੇ ਧੌਂਸਾ ਵੀ ਬਖਸ਼ਿਆ



www.AKJ.Org

ਤੇ ਪੂਰੇ ਸਨਮਾਨ ਨਾਲ ਵਿਦਾ ਕੀਤਾ ।*

*ਅਹਿਮਦ ਸ਼ਾਹ ਨੇ ਜਦ ਸਰਹੰਦ ਅੱਪੜ ਕੇ ਇਸ ਦੀ ਹਾਲਤ ਵੇਖੀ ਤਾਂ ਉਸ ਦੀਆਂ ਅੱਖਾਂ ਅਗੇ ਹਨੇਰਾ ਛਾ ਗਿਆ । ਅਜੇ ਤਿੰਨ ਵਰ੍ਹੇ ਹੀ ਹੋਏ ਸਨ ਉਸ ਨੇ ਸਰਹੰਦ ਨੂੰ ਘੁਗ ਵਸਦੇ ਵੇਖਿਆ ਸੀ । ਇਸ ਦੇ ਆਲੀਸ਼ਾਨ ਬਗੀਚੇ, ਹਵੇਲੀਆਂ, ਸੈਰਗਾਹਾਂ, ਹੌਜ਼ ਤੇ ਖੂਹ, ਬੜੇ ਬੜੇ ਬਾਗ ਲਹਿ ਲਹਿ ਕਰਦੇ ਵੇਖੇ ਸਨ । ਹੁਣ ਇਹ ਹਾਲ ਹੋ ਗਿਆ ਕਿ ਨਾ ਕੋਈ ਬੰਦਾ, ਨਾ ਪਰਿੰਦਾ,ਨਾ ਚਰਿੰਦਾ ਤੱਕ ਸ਼ਹਿਰ ਵਿਚ ਨਜ਼ਰਨਹੀਂ ਆਉਂਦਾ । ਸਿਰਫ਼ ਉੱਲੂ ਹੀ ਨਜ਼ਰ ਆਉਂਦੇ ਹਨ । ਮੁਜੱਦਦ ਅਲਫ਼ ਸਾਨੀ ਦੇ ਮਕਬਰੇ ਵਿਚ ਕੋਈ ਬੰਦਾ ਨਹੀਂ ਦਿਸਦਾ । ਸਰਹੰਦ ਸ਼ਹਿਰ ਦੀ ਐਸੀ ਬਰਬਾਦੀ, ਐਸੀ ਤਬਾਹੀ ! ਇਹ ਭਿਆਨਕ ਨਜ਼ਾਰਾ ਵੇਖ ਕੇ ਦੁਰਾਨੀ ਪਾਤਸ਼ਾਹ ਦਾ ਦਿਲ ਦਹਿਲ ਗਿਆ । ਸਿਖਾਂ ਨੂੰ ਦੁਨੀਆ ਵਿਚੋਂ ਖਤਮ ਕਰਨ ਆਏ ਅਹਿਮਦ ਸ਼ਾਹ ਨੇ ਸਰਹੰਦ ਦੀ ਹਾਲਤ ਵੇਖ ਕੇ ਚੰਗੀ ਤਰ੍ਹਾਂ ਜਾਣ ਲਿਆ ਕਿ ਜਿਸ ਕੌਮ ਨਾਲ ਉਸ ਦਾ ਵਾਹ ਪਿਆ ਹੈ ਉਹ ਕਿਡੀ ਬੇਖੌਫ਼ ਹੈ, ਉਨ੍ਹਾਂ ਨੂੰ ਮੌਤ ਦਾ ਡਰ ਹੀ ਕੋਈ ਨਹੀਂ । ਚੰਗਾ ਭਲਾ ਸਾਡੇ ਲਸ਼ਕਰ ਨੂੰ ਆਉਂਦਾ ਸੁਣ ਵੇਖ ਕੇ ਫੇਰ ਵੀ ਸ੍ਰੀ ਹਰਿਮੰਦਰ ਸਾਹਿਬ ਛਡ ਕੇ ਨਹੀਂ ਗਏ, ਸਗੋਂ ਜੂਝਣ ਲਈ ਨਿਠ ਕੇ ਬੈਠੇ ਰਹੇ ਸਨ । ਏਨਾ ਜਿਗਰਾ, ਏਨਾ ਹੌਸਲਾ ਕਿ ਸਾਡੀ 30 ਹਜ਼ਾਰ ਫੌਜ ਉਤੇ ਕੇਵਲ 30 ਆਦਮੀ ਸਿਰ ਤਲੀਆਂ ਤੇ ਧਰਕੇ ਸ਼ੇਰਾਂ ਵਾਂਗ ਦਹਾੜਦੇ ਹੋਏ ਟੁਟ ਪਏ ਸਨ । ਉਨ੍ਹਾਂ ਨੂੰ ਕੁਚਲ ਸਕਣਾ ਕਿੰਨਾ ਔਖਾ ਹੈ ਜਿਨ੍ਹਾਂ ਦਾ ਹਠ-ਹੌਸਲਾ ਇਸ ਕਿਸਮ ਦਾ ਬੇ-ਮਿਸਾਲ ਹੈ ਤੇ ਗੁੱਸਾ ਵੀ ਐਸਾ ਹੈ ਕਿ ਸਰਹੰਦ ਵਰਗੇ ਸ਼ਾਹੀ ਸ਼ਹਿਰ ਦੀ ਐਸੀ ਇੱਟ ਨਾਲ ਇੱਟ ਖੜਕਾਈ ਹੈ ਤੇ ਇੰਜ ਉਜਾੜਿਆ ਹੈ ਮਾਨੋ ਜਿਵੇਂ ਇਹ ਕਈਆਂ ਸਦੀਆਂ ਦਾ ਥੇਹ ਪਿਆ ਹੋਵੇ । ਐਸੀ ਨਿਡਰ, ਬੇ-ਪਰਵਾਹ ਹਠੀ ਕੌਮ ਨੂੰ ਤਲਵਾਰਾਂ ਨਾਲ ਸਰ ਕਰ ਸਕਣਾ ਅਤੀ ਕਠਨ ਹੀ ਨਹੀਂ, ਸਗੋਂ ਬਿਲਕੁਲ ਅਸੰਭਵ ਹੈ । ਐਸੀ ਕੌਮ ਨਾਲ ਬਣਾ ਲੈਣਾ ਹੀ ਸਿਆਣਪ ਹੈ ।

ਅਹਿਮਦ ਸ਼ਾਹ ਖਾਲਸਾ ਜੀ ਨਾਲ ਆਢਾ ਲਾਈ ਰਖਣਾ ਬੜਾ ਖਤਰਨਾਕ ਸਮਝਦਾ ਸੀ । ਖਾਲਸਾ ਜੀ ਕੰਧਾਰ ਤੇ ਦਿਲੀ ਵਿਚਕਾਰ ਐਸੀ ਫੌਲਾਦੀ ਕੰਧ ਸਮਾਨ ਖੜੇ ਹੋ ਗਏ ਸਨ ਕਿ ਦੁਰਾਨੀਆਂ ਲਈ ਇਸ ਕੰਧ ਨੂੰ ਤੋੜ ਕੇ ਜਾਂ ਉਂਜ ਟੱਪ ਕੇ ਦਿਲੀ ਤੱਕ ਅਪੜਨਾ ਬਿਲਕੁਲ ਅਸੰਭਵ ਸੀ । ਜੇ ਇਹ ਕੰਧ ਕਾਇਮ ਰਹੇ ਤਾਂ ਉਨ੍ਹਾਂ ਦੀਆਂ ਸਾਰੀਆਂ ਵਿਉਂਤਾਂ ਧਰੀਆਂ-ਧਰਾਈਆਂ ਰਹਿੰਦੀਆਂ ਸਨ । ਇਸ ਲਈ ਅਹਿਮਦ ਸ਼ਾਹ ਦੀ ਨੀਤੀ ਖਾਲਸਾ ਜੀ ਨਾਲ ਸੁਲਾਹ ਸਫ਼ਾਈ ਕਰ ਲੈਣ ਦੀ ਸੀ । ਦੁਆਬੇ ਵਿਚ ਹੋਈ ਲੜਾਈ ਤੋਂ ਪਿਛੋਂ ਉਹ ਆਪਣੀ ਰੋਜ਼ ਦੀ ਗੱਲਬਾਤ ਵਿਚ ਆਪਣੇ ਸਰਦਾਰਾਂ ਨੂੰ ਕਿਹਾ ਕਰਦਾ ਸੀ ਕਿ ਬੇਸਮਝ ਜ਼ਿਮੀਦਾਰ ਮੈਥੋਂ ਕਿਉਂ ਪਰੇ ਪਰੇ ਰਹਿੰਦੇ ਹਨ, ਮੈਂ ਇਨ੍ਹਾਂ ਪਾਸੋਂ ਕੁਝ ਨਹੀਂ ਮੰਗਦਾ । ਇਹ ਇਕ ਵਾਰ ਮੇਰੇ ਪਾਸ ਸਿਰਫ਼ ਹਾਜ਼ਰ ਹੀ ਹੋ ਜਾਣ । ਮੇਰੇ ਨਾਲ ਸੁਲ੍ਹਾ ਕਰ ਲੈਣ, ਮੈਂ ਇਨ੍ਹਾਂ ਦੇ ਇਲਾਕੇ, ਤੇ ਇਸ ਤੋਂ ਵਧ ਇਨ੍ਹਾਂ ਨੂੰ ਦੇਣ ਨੂੰ ਤਿਆਰ ਹਾਂ । (ਜੰਗ ਨਾਮਾ) । ਇਸ ਮਕਸਦ ਦੀ ਪੂਰਤੀ ਲਈ ਉਸ ਨੇ ਬਾਬਾ ਆਲਾ ਸਿੰਘ ਜੀ ਨੂੰ ਸੱਦ ਕੇ ਜ਼ੋਰ ਦੇ ਕੇ ਕਿਹਾ (ਬਾਬਾ ਆਲਾ ਸਿੰਘ—ਕ੍ਰਿਤ ਸ: ਕਰਮ ਸਿੰਘ ਜੀ ਹਿਸਟੋਰੀਅਨ) ਕਿ ਤੁਸੀਂ ਆਪਣਾ ਕੋਈ ਸਿਆਣਾ ਤੇ ਅਸਰ ਰਸੂਖ ਵਾਲਾ ਸਰਦਾਰ ਘਲਾ ਕੇ ਸਿੰਘਾਂ ਨੂੰ ਮਨਾ ਕੇ ਮੇਰੇ ਪਾਸ(ਅਬਦਾਲੀ ਪਾਸ)ਲੈ ਆਉ।

ਅਬਦਾਲੀ ਦੀ ਇਸ ਖ਼ਾਹਿਸ਼ ਦੇ ਤਹਿਤ ਬਾਬਾ ਆਲਾ ਸਿੰਘ ਨੇ ਸ: ਨਾਨੂੰ ਸਿੰਘ ਗਰੇਵਾਲ ਨੂੰ ਖਾਲਸਾ ਜੀ ਪਾਸ ਘਲਾਇਆ ਕਿ ਉਨ੍ਹਾਂ ਨੂੰ ਸਮਝਾ ਬੁਝਾ ਕੇ ਤੇ ਉਨ੍ਹਾਂ ਨਾਲ ਮਿਠਾ ਪਿਆਰਾ ਹੋ ਕੇ ਆਪਣੇ ਨਾਲ ਲੈ ਆਵੇ । ਵਕੀਲ ਨੇ ਜਾ ਕੇ ਪੂਰਾ ਟਿੱਲ ਲਾਇਆ । ਪਰ ਉਹ ਆਜ਼ਾਦੀ ਤੇ ਅਣਖ ਦੇ ਪੁਤਲੇ ਇਹੋ ਜਿਹੇ ਜਾਲ ਵਿਚ ਕਦੋਂ ਫਸ ਸਦਕੇ ਸਨ ! ਉਨ੍ਹਾਂ ਅਗੋਂ ਟੱਕੇ ਵਰਗਾ ਜਵਾਬ ਦਿੰਦਿਆਂ ਕਿਹਾ ਕਿ ਸਾਡਾ ਤੇ ਇਨ੍ਹਾਂ ਧਾੜਵੀ ਤੁਰਕਾਂ ਦਾ ਕੀ ਮੇਲ ਹੈ ?।ਅਸੀਂ ਦੇਸ ਦੀ ਆਣ-ਪਤ ਤੇ ਗਊ ਗਰੀਬ ਦੇ ਰਾਖੇ ਤੇ ਇਹ ਤੁਰਕ ਦੇਸ ਦੀ ਆਣ-

(ਬਾਕੀ ਦੇਖੋ ਸਫਾ ੩੦ ਦੇ ਹੇਠਾਂ)



www.AKJ.Org

ਏਥੋਂ (ਸਰਹੰਦੋਂ) ਤੁਰ ਕੇ ਦੋ ਪੜਾਅ ਰਾਹ ਵਿਚ ਕਰ ਕੇ ਤੀਜੇ ਦਿਨ ਸੰਝ ਨੂੰ ਦਰਿਆ (ਸਤਲੁਜ) ਦੇ ਕੰਢੇ ਪੁਜ ਗਏ। ਇਹ ਉਹੋ ਜਗ੍ਹਾ ਅਤੇ ਦਰਿਆ ਸੀ ਜਿਥੋਂ ਦੀ ਪਾਤਸ਼ਾਹ ਇਕ ਵਾਰ ਪਹਿਲਾਂ ਵੀ ਲੰਘ ਚੁਕਾ ਸੀ। [ਕਾਜ਼ੀ ਜੀ ਦਾ ਇਸ਼ਾਰਾ ਸਤਲੁਜ ਰੋਪੜ ਦੇ ਪਤਣ ਵਲ ਹੈ। ਅਹਿਮਦ ਸ਼ਾਹ ਸਰਹੰਦੋਂ ਚੱਲ ਕੇ ਜਾਣ ਬੁਝ ਕੇ ਇਸ ਪਤਣ ਨੂੰ ਆਇਆ ਜਾਪਦਾ ਹੈ। ਜ਼ਰੂਰ ਉਸ ਨੂੰ ਸੂਹ ਮਿਲ ਚੁਕੀ ਹੋਵੇਗੀ ਕਿ ਖਾਲਸਾ ਜੀ ਨੇ ਤਲਵਨ ਤੋਂ ਲੈ ਕੇ ਫ਼ਲੌਰ ਤਕ ਸਾਰੇ ਪਤਣ ਰੋਕੇ ਹੋਏ ਸਨ ਤੇ ਉਸ ਨੂੰ ਉਡੀਕ ਰਹੇ ਹਨ। ਸਵਰਨ ਸਿੰਘ]

[ਚਲਦਾ]

---

(ਸਫ਼ਾ ੨੯ ਦੇ ਫੁਟ ਨੋਟ ਦੀ ਬਾਕੀ)

ਪਤ ਦੇ ਵੈਰੀ, ਗਰੀਬਾਂ ਦਾ ਲਹੂ ਨਿਚੋੜਨ ਵਾਲੇ। ਬਰੂਦ ਤੇ ਅੱਗ ਦਾ ਕਿਵੇਂ ਮੇਲ ਹੋ ਸਕਦੈ ? ਸਾਨੂੰ ਇਲਾਕੇ ਤੇ ਮੁਲਕ ਦੇਣ ਵਾਲਾ ਇਹ ਅਹਿਮਦ ਸ਼ਾਹ ਕੌਣ ਹੈ ? ਸਾਨੂੰ ਤਾਂ ਸਾਡਿਆਂ ਸਤਿਗੁਰਾਂ ਨੇ ਜੁਗੋ ਜੁਗ ਪਾਤਸ਼ਾਹੀ ਬਖਸ਼ੀ ਹੋਈ ਹੈ। (ਪ੍ਰਾਚੀਨ ਪੰਥ ਪ੍ਰਕਾਸ਼)। ਅਸੀਂ ਕਿਸੇ ਤੁਰਕ ਜਾਂ ਕੱਚੇ ਪਿਲੇ ਨੂੰ ਕੀ ਸਮਝਦੇ ਹਾਂ ? ਉਹ ਆਪਣੇ ਆਪ ਨੂੰ ਪਾਤਸ਼ਾਹ ਕਹਿੰਦਾ ਹੈ, ਅਸੀਂ ਉਸ ਨੂੰ ਇਕ ਲੁਟੇਰੇ ਤੇ ਧਾੜਵੀ ਤੋਂ ਵਧ ਕੁਝ ਨਹੀਂ ਸਮਝਦੇ। ਸਾਡੀ ਉਸ ਨਾਲ ਮੁਲਾਕਾਤ ਸਿਰਫ਼ ਮੈਦਾਨਿ-ਜੰਗ ਵਿਚ ਹੀ ਹੋ ਸਕਦੀ ਹੈ। ਨਜ਼ਰਾਂ ਨਿਆਜ਼ਾਂ ਵੀ ਓਥੇ ਹੀ ਤੇਗਾਂ ਤੇ ਨੇਜਿਆਂ ਬੰਦੂਕਾਂ ਨਾਲ ਉਸ ਦੇ ਮਨ-ਭਾਉਂਦੀਆਂ ਦਿਆਂਗੇ। ਵਕੀਲ ਸਾਹਿਬ ! ਸ਼ੇਰ ਕਦੇ ਨਕਾਂ ਵਿਚ ਨਥ ਪੁਆ ਕੇ ਨਹੀਂ ਜਿਊਂ ਸਕਦੇ। ਇਸ ਦੇਸ਼ ਦੇ ਮਾਲਕ ਅਸੀਂ ਹਾਂ। ਉਹ ਡਾਕੂ ਹੈ। ਡਾਕੂ ਨਾਲ ਮੁਲਾਕਾਤ ਕਿਹੀ ? ਉਸ ਨੂੰ ਸਾਡੇ ਵਲੋਂ ਕਹਿ ਦਿਉ, ਜੇ ਭਲਾ ਚਾਹੁੰਦਾ ਹੈਂ ਤਾਂ ਚੁਪ ਚਾਪ ਕੰਨ ਵਲ੍ਹੇਟ ਕੇ ਇਸ ਦੇਸ਼ ਵਿਚੋਂ ਤੁਰੰਤ ਨਿਕਲ ਜਾਵੇ ਤੇ ਮੁੜ ਕੇ ਭੁਲ ਕੇ ਵੀ ਏਧਰ ਮੂੰਹ ਨਾ ਕਰੇ। ਇਹ ਸਾਡਾ ਆਖਰੀ ਫੈਸਲਾ ਇੰਨ ਬਿੰਨ ਹੀ ਜਾ ਕੇ ਸੁਣਾ ਦਿਉ।

ਅਹਿਮਦ ਸ਼ਾਹ ਨੇ ਜਦ ਕਿਸੇ ਤਰ੍ਹਾਂ ਵੀ ਗੱਲ ਸਿਰੇ ਚੜ੍ਹਦੀ ਨਾ ਵੇਖੀ ਤਾਂ ਸਰਹੰਦ ਦੀ ਸੂਬੇਦਾਰੀ ਮਲੇਰੀਆਂ ਨੂੰ ਦੇਣੀ ਚਾਹੀ। ਮਲੇਰੀਏ ਆਪਣਾ ਭਲਾ ਬੁਰਾ ਸਭ ਜਾਣਦੇ ਸਨ। ਜ਼ੈਨ ਖਾਨ ਨਾਲ ਕੀ ਬਣੀ ਸੀ, ਇਹ ਵੀ ਉਨ੍ਹਾਂ ਨੂੰ ਪਤਾ ਸੀ। ਉਹ ਇਹ ਵੀ ਸਮਝਦੇ ਸਨ ਕਿ ਜੋ ਕੋਈ ਵੀ ਮੁਸਲਮਾਨ ਸਰਹੰਦ ਦਾ ਗਵਰਨਰ ਬਣਿਆ ਉਸ ਨਾਲ ਜ਼ੈਨ ਖਾਨ ਵਾਲੀ ਹੀ ਹੋਊ। ਸੋ ਉਨ੍ਹਾਂ ਕਿਹਾ ਕਿ ਸਾਡੀ ਸੂਬੇਦਾਰੀ ਤਾਂ ਓਨਾ ਚਿਰ ਹੀ ਚਲੂ ਜਿੰਨਾ ਚਿਰ ਤੁਸੀਂ ਲਾਹੌਰ ਰਹੇ, ਪਰ ਜੇ ਕਰ ਤੁਸਾਂ ਆਪ ਕੰਧਾਰ ਨੂੰ ਵਾਪਸ ਮੁੜ ਜਾਣਾ ਹੈ, ਤਦ ਸਰਹੰਦ ਦੀ ਸੂਬੇਦਾਰੀ ਮੌਤ ਦਾ ਹੀ ਪਰਵਾਨਾ ਹੈ। ਏਸ ਬਖਸ਼ਿਸ਼ ਲਈ ਹਜ਼ੂਰ ਕਿਸੇ ਹੋਰਸ ਦਾ ਇੰਤਖ਼ਾਬ (ਚੋਣ) ਕਰ ਲੈਣ।

ਸੂਝਵਾਨ ਪਾਠਕ ਜ਼ਰਾ ਇਕ ਪਲ ਲਈ ਰੁਕ ਕੇ ਵਿਚਾਰਨ। ਏਸ਼ੀਆ ਦਾ ਸਭ ਤੋਂ ਵੱਡਾ ਤੇ ਤਾਕਤ-ਵਰ ਪਾਤਸ਼ਾਹ, ਸਮੇਂ ਦਾ ਉੱਚ ਕੋਟੀ ਦਾ ਜਰਨੈਲ, ਪਾਨੀਪਤ ਦਾ ਵਿਜੱਈ ਤੇ ਦੀਨ ਦਾ ਰਖਿਅਕ ਪਾਤਸ਼ਾਹ ਆਪਣੇ ਦੀਨੀ ਭਰਾਵਾਂ ਨੂੰ ਸਰਹੰਦ ਦੀ ਸੂਬੇਦਾਰੀ ਦੇਣਾ ਚਾਹੁੰਦਾ ਹੈ, ਪਰ ਮਲੇਰ ਕੋਟਲੀਏ, ਜੋ ਉਸ ਦਾ ਭਾਈਚਾਰਾ ਸਨ, ਇਸ ਨੂੰ ਕਬੂਲਣ ਤੋਂ ਤੌਬਾ ਤੌਬਾ ਕਰਦੇ ਹਨ। ਕਿਸ ਦੇ ਡਰੋਂ ? ਉਨ੍ਹਾਂ ਬੀਰ ਬਹਾਦਰਾਂ ਦੇ ਡਰੋਂ ਜਿਨ੍ਹਾਂ ਨੂੰ ਕਾਜ਼ੀ ਜੀ ਭੁਖੇ ਨੰਗੇ, ਕੁੱਤੇ, ਸੂਰ ਖਾਣੇ, ਦੋਜ਼ਖੀ ਤੇ ਪਲੀਤ ਕਹਿ ਕੇ ਯਾਦ ਕਰਦੇ ਹਨ। ਸਿਖਾਂ ਦੇ ਵਿਰੁਧ ਜਹਾਦ ਕਰਕੇ ਇਨ੍ਹਾਂ ਦਾ ਬੀਜ ਨਾਸ਼ ਕਰਨ ਆਇਆ ਪਾਤਸ਼ਾਹ ਆਪਣੇ ਮਨੋਰਥ ਵਿਚ ਕਿੰਨਾ ਕੁ ਕਾਮਯਾਬ ਹੋਇਆ ਹੈ, ਇਸਦਾ ਸਬੂਤ ਪਾਠਕਾਂ ਦੇ ਸਾਹਮਣੇ ਹੈ। ਇਹ ਖਾਲਸਈ ਤੇਗ ਦਾ ਜੌਹਰ ਸੀ, ਜਿਸ ਦੇ ਡਰੋਂ ਕੋਈ ਹਿੰਦੀ ਮੁਸਲਮਾਨ ਨਵਾਬ ਸਮੇਂ ਦੇ ਜਾਬਰ ਪਾਤਸ਼ਾਹ ਵਲੋਂ ਦਿਤੀ ਜਾ ਰਹੀ ਸੂਬੇਦਾਰੀ ਲੈਣ ਨੂੰ ਵੀ ਤਿਆਰ ਨਹੀਂ।

(ਬਾਕੀ ਦੇਖੋ ਸਫ਼ਾ ੩੧ ਦੇ ਹੇਠਾਂ)



www.AKJ.Org

(ਸਫ਼ਾ ੩੦ ਦੇ ਫੁਟ ਨੋਟ ਦੀ ਬਾਕੀ)

ਚਾਰੇ ਪਾਸੇ ਚਾਰਾ ਨਾ ਚਲਦਾ ਵੇਖ ਕੇ ਅਹਿਮਦ ਸ਼ਾਹ ਨੇ ਇਹ ਸਮਝ ਲਿਆ ਕਿ ਸ: ਆਲਾ ਸਿੰਘ ਤੋਂ ਬਿਨਾਂ ਹੋਰ ਕਿਸੇ ਨੇ ਕਾਮਯਾਬ ਨਹੀਂ ਹੋ ਸਕਣਾ। ਸਿੰਘ ਸਿਰਫ਼ ਏਸੇ ਨੂੰ ਹੀ ਬਖਸ਼ਣਗੇ। ਤੇ ਉਸ ਦਾ ਪੈਸਾ ਵੀ ਖਰਾ ਹੋ ਜਾਊ, ਤੇ ਨੱਕ ਵੀ ਰਹਿ ਜਾਊ। ਇਸ ਲਈ ਬਾਬਾ ਜੀ ਨੂੰ ਖਿਲਅਤ ਦੇ ਕੇ ਰਾਜਗੀ ਦਾ ਖ਼ਿਤਾਬ ਦਿਤਾ ਤੇ ਨਾਲ ਹੀ ਰਾਜਗੀ ਦੀਆਂ ਨਿਸ਼ਾਨੀਆਂ ਧੌਂਸਾ ਤੇ ਝੰਡਾ ਦਿਤਾ। ਫੈਸਲਾ ਹੋਇਆ ਕਿ ਬਾਬਾ ਆਲਾ ਸਿੰਘ ਸਾਢੇ ਤਿੰਨ ਲੱਖ ਸਲਾਨਾ ਦੇਵੇਗਾਂ ਤੇ ਸਰਹੰਦ ਦਾ ਸਾਰਾ ਇਲਾਕਾ ਉਸ ਦਾ ਹੋਵੇਗਾ। ਬਾਬਾ ਜੀ ਨੇ ਦੋ ਲੱਖ ਅਸੀ ਹਜ਼ਾਰ ਤਾਂ ਓਸੇ ਵੇਲੇ ਤਾਰ ਦਿਤਾ ਤੇ 70 ਹਜ਼ਾਰ ਪਿਛੋਂ ਹੁੰਡੀਆਂ ਰਾਹੀਂ ਭਿਜਵਾ ਦਿਤਾ।

ਅਹਿਮਦ ਸ਼ਾਹ ਸਰਹੰਦੋਂ ਲਾਹੌਰ ਤੱਕ ਬਾਬਾ ਆਲਾ ਸਿੰਘ ਨੂੰ ਨਾਲ ਲੈ ਗਿਆ ਸੀ। ਕਿਉਂ ਲੈ ਗਿਆ, ਇਸ ਬਾਰੇ ਕਿਆਸ ਹੀ ਹੈ। ਅਹਿਮਦ ਸ਼ਾਹ ਨੂੰ ਖੁੜਕਦੀ ਸੀ ਕਿ ਸਿੰਘ ਐਤਕੀਂ ਉਸ ਨੂੰ ਸੁੱਕਾ ਨਹੀਂ ਜਾਣ ਦੇਣਗੇ। ਸਿੰਘਾਂ ਨੂੰ ਪਲੋਸ ਲੈਣ ਅਤੇ ਉਨ੍ਹਾਂ ਵਿਚ ਪਾੜਾ ਪਾ ਸਕਣ ਵਿਚ ਸ਼ਾਇਦ ਉਹ ਬਾਬਾ ਜੀ ਨੂੰ ਵਰਤਣਾ ਚਾਹੁੰਦਾ ਹੋਵੇ। ਨਾਲ ਹੀ ਉਹ ਇਹ ਵੀ ਸਮਝਦਾ ਹੋਵੇ ਕਿ ਇੰਜ ਉਸ ਦੀ 70 ਹਜ਼ਾਰ ਦੀ ਟੁਟਦੀ ਰਕਮ ਵੀ ਛੇਤੀ ਖਰੀ ਹੋ ਜਾਂਵੇਗੀ। ਦੁਆਬੇ ਵਿਚ ਸਿੰਘਾਂ ਨਾਲ 7 ਦਿਨ ਤਕ ਬੜੇ ਜ਼ੋਰ ਦੀਆਂ ਲੜਾਈਆਂ ਹੁੰਦੀਆਂ ਰਹੀਆਂ, ਬੜੀ ਮੁਸ਼ਕਲ ਨਾਲ ਉਹ ਜਾਨ ਬਚਾ ਕੇ ਲਾਹੌਰ ਅਪੜਿਆ। ਉਸ ਨੇ ਬਾਬਾ ਜੀ ਤੋਂ ਕੀ ਸੇਵਾ ਲਈ, ਇਸ ਦਾ ਕੋਈ ਰਿਕਾਰਡ ਨਹੀਂ ਮਿਲਦਾ। ਹਾਂ, ਏਨਾ ਜ਼ਰੂਰ ਹੈ ਕਿ ਲਾਹੌਰੋਂ ਅਗੇ ਜਾਣ ਲਗਿਆਂ ਉਸ ਨੇ ਬਾਬਾ ਜੀ ਨੂੰ ਵਾਪਸ ਮੋੜ ਦਿਤਾ ਸੀ। [ਸਵਰਨ ਸਿੰਘ]

## ਗੁ: ਜੋਤੀ ਸਰੂਪ ਵਿਖੇ ਨਾਮ ਅਭਿਆਸ, ਕੀਰਤਨ ਤੇ ਸ਼ਸਤਰ ਵਿਦਿਆ

ਮੋਹਾਲੀ ਤੋਂ ਭਾਈ ਮਹਾਂਬੀਰ ਸਿੰਘ ਇਤਲਾਹ ਦਿੰਦੇ ਹਨ ਕਿ ਗੁਰਦਵਾਰਾ ਜੋਤੀ ਸਰੂਪ ਸਰਹਿੰਦ ਵਿਖੇ ੧੫ ਤੋਂ ੨੧ ਦਸੰਬਰ ਤਕ ਰੋਜ਼ਾਨਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋ ਰਹੇ ਹਨ—

੨—੩੦ ਤੋਂ ੪—੩੦ ਤਕ ਇਸ਼ਨਾਨ, ਨਿਤਨੇਮ ਤੇ ਅਭਿਆਸ,

੪—੩੦ ਤੋਂ ੭—੩੦ ਆਸਾ ਦੀ ਵਾਰ ਕੀਰਤਨ, ੯ ਤੋਂ ੧੧—੩੦ ਸ਼ਸਤਰ ਵਿਦਿਆ,

੧੧—੩੦ ਤੋਂ ੧—੩੦ ਸੇਵਾ ਤੇ ਲੰਗਰ, ੩—੩੦ ਤੋਂ ੫ ਸ਼ਾਮ ਗਤਕਾ,

੬ ਤੋਂ ੮ ਸੋਦਰ ਤੇ ਕੀਰਤਨ, ੮ ਤੋਂ ੯ ਲੰਗਰ ਉਪਰੰਤ ਸਿਮਰਨ।

੨੦ ਦਸੰਬਰ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ।

ਪੁਛ ਗਿਛ—ਸ਼ੇਰਗਿਲ ਇੰਡਸਟ੍ਰੀ, ਐਫ-੮੨, ਫੇਜ਼ ੮, ਮੋਹਾਲੀ (੨) ਡਾ: ਹਰਮੋਹਨ ਸਿੰਘ; ੫੦੦ ਮਾਡਲ ਟਾਊਨ ਲੁਧਿਆਣਾ

## ਪਿੰਡ ਝਾਂਡੇ (ਲੁਧਿਆਣਾ) ਵਿਖੇ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸ: ਅਮਰ ਸਿੰਘ ਪਿੰਡ ਝਾਂਡੇ (ਡਾਕਘਰ ਬਦੋਵਾਲ) ਦੇ ਗ੍ਰਹਿ ਵਿਖੇ ਭੁਜੰਗੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ੧੩ ਦਸੰਬਰ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਸੰਗਤਾਂ ਪਰਵਾਰਾਂ ਸਹਿਤ ਦਰਸ਼ਨ ਦੇ ਕੇ ਸੇਵਕ ਨੂੰ ਨਿਵਾਜਣ। ਲੁਧਿਆਣਾ ਲੋਕਲ ਬਸ ਅਡੇ ਤੋਂ ਆਖਰੀ ਬਸ ਸ਼ਾਮ ੫ ਵਜੇ ਤੋਂ ਬਾਅਦ ੭ ਵਜੇ ਜਾਂਦੀ ਹੈ, ਬਦੋਵਾਲ ਰੇਲਵੇ ਸਟੇਸ਼ਨ ਤੋਂ ਪਿੰਡ ਝਾਂਡੇ ਇਕ ਮੀਲ ਹੈ।

## ਪਿੰਡ ਬਲਾਂ (ਜਲੰਧਰ) ਵਿਖੇ ਦਿਵਸ ਸੁਹੇਲਾ ਕੀਰਤਨ

ਭਾਈ ਸੁਬੇਗ ਸਿੰਘ ਮੰਨਣ ਇਤਲਾਹ ਦਿੰਦੇ ਹਨ ਕਿ ਭਾਈ ਪੂਰਨ ਸਿੰਘ ਤਲਵਾੜੇ ਵਾਲਿਆਂ ਦੇ ਗ੍ਰਹਿ ਪਿੰਡ ਬਲਾਂ ਵਿਖੇ ੭ ਦਸੰਬਰ ਐਤਵਾਰ ਨੂੰ ਦਿਵਸ ਸੁਹੇਲਾ ਕੀਰਤਨ ਦੁਪਹਿਰ ਤਕ ਹੋਣਗੇ। ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ।

www.AKJ.Org

## ਜਗ ਤੇ ਕਰਨ ਉਪਕਾਰ ਆਇਆ

[ਸ: ਜੈਮਲ ਸਿੰਘ ਜੀ ਹਮਦਰਦ, ਇੰਦੌਰ–੨]

ਪਹਿਲਾਂ ਤਾਰਿਆ ਪੰਡਤ ਨੂੰ ਪੜ੍ਹਨ ਗਏ ਜਦ,
ਸਾਥੀ ਢਾਡੀ ਨੂੰ ਤਾਰਨ ਨਿਰੰਕਾਰ ਆਇਆ ।
ਸੋਝੀ ਆਗਮ ਤੇ ਨਿਗਮ ਦੀ ਮੁੱਲਾ ਨੂੰ ਕਰ,
ਮੱਝਾਂ ਸੱਪਾਂ ਤੇ ਕਰਨ ਉਪਕਾਰ ਆਇਆ ।
ਰਾਇ ਬੁਲਾਰ ਅਤੇ ਦੌਲਤ ਖਾਨ ਸੰਦਾ,
ਭੈਣ ਭਾਈਏ ਦਾ ਲੈਣ ਪਿਆਰ ਆਇਆ ।
ਰੁੜਦੀ ਜਾਂਵਦੀ ਵਿਚ ਅਗਿਆਨ ਦੁਨੀਆ,
ਚੱਪੂ ਗਿਆਨ ਦਾ ਲਾ ਤਾਰਨਹਾਰ ਆਇਆ ।
ਜਿਨ੍ਹਾਂ ਨੀਚ ਕਹਿ ਲੋਕੀ ਪੁਕਾਰਦੇ ਸਨ,
ਕਰਨ ਉਨ੍ਹਾਂ ਦਾ ਖ਼ੁਦ ਸਤਿਕਾਰ ਆਇਆ ।
ਸੜ ਰਹੀ ਦੁਨੀਆ ਨੂੰ ਠੰਡਿਆਂ ਠਾਰ ਕੀਤਾ,
ਨਾਨਕ ਜਗ ਤੇ ਕਰਨ ਉਪਕਾਰ ਆਇਆ ।
ਵੱਲ ਵਲੀ ਦੇ ਕਢੇ, ਦਿਤਾ ਕਰ ਸਿੱਧਾ,
ਸਤਿ ਕਰਤਾਰ ਦਾ ਕਰਨ ਪ੍ਰਚਾਰ ਆਇਆ ।
ਜੀਵਨ ਲੱਤ ਮਾਰੀ, ਬੁਰਾ ਨਹੀਂ ਮੰਨਿਆ,
ਮੱਕਾ ਫੇਰ ਕਰ, ਕਰਨ ਸੁਧਾਰ ਆਇਆ ।
ਮਰਦਾਨਾ ਭੇਡੂ ਬਣਾਇਆ ਕਾਮਰੂਪ ਦੇ ਵਿਚ,
ਜਾਦੂਗਰਨੀਆਂ ਨੂੰ ਦੱਸਣ ਸਦਾਚਾਰ ਆਇਆ ।
ਖੰਡਨ ਵਰਤਾਂ ਦਾ ਲੰਕਾ ਵਿਚ ਜਾ ਕੀਤਾ,
ਨਾਨਕ ਜਗ ਤੇ ਕਰਨ ਉਪਕਾਰ ਆਇਆ ।
ਭਰਮਾਂ ਸੂਤਕਾਂ ਦਾ ਜਾਲ ਕੱਟ ਸੁਟਿਆ,
ਸੱਚੇ ਸੂਤਕਾਂ ਦਾ ਵਲ ਦਸਿਆ ਸੀ ।
ਸੂਤਕ ਮਨ ਦਾ ਦਸਿਆ ਲੋਭ ਉਸ ਨੇ,
ਸੂਤਕ ਝੂਠ ਬੋਲਣ ਜਿਹਵਾ ਦਸਿਆ ਸੀ ।
ਸੂਤਕ ਅਖੀਆਂ ਦਾ ਪਰ-ਤਨ ਧਨ ਦੇਖਣ,
ਸੂਤਕ ਕੰਨ ਦਾ ਸੁਣਨਾ ਨਿੰਦਾ ਦਸਿਆ ਸੀ ।
ਸਾਰੇ ਸੂਤਕਾਂ ਦਾ ਮੂਲ ਭਰਮ ਦਸਿਆ,
ਰਹਿਣਾ ਦ੍ਵੈਸ਼ ਤੋਂ ਦੂਰ ਵੀ ਦਸਿਆ ਸੀ ।
ਛਡੋ ਦਾਸੀਆਂ ਨੂੰ, ਫੜੋ ਪਲਾ ਮਾਲਕ,
ਨਾਨਕ ਜਗਤ ਨੂੰ ਕਰਨ ਹੁਸ਼ਿਆਰ ਆਇਆ ।
ਕੀ ਕੀ ਲਿਖੇ ਤੇ ਛੋੜੇ 'ਹਮਦਰਦ' ਕੀ ਕੀ,
ਨਾਨਕ ਜਗ ਤੇ ਕਰਨ ਉਪਕਾਰ ਆਇਆ ।

## ਅਵਤਾਰ ਧਾਰਿਆ ਜਗ ਤਰਾਵਣੇ ਨੂੰ

[ਵਲੋਂ—ਗਿ: ਚਮਕੌਰ ਸਿੰਘ ਜੀ ਬਠਿੰਡਾ]

ਗੁਰੂ ਨਾਨਕ ਨਿਰੰਜਨੀ ਜੋਤ ਪਹਿਲੀ,
ਅਵਤਾਰ ਧਾਰਿਆ ਜੱਗ ਤਰਾਵਣੇ ਨੂੰ ।
ਸੱਚ ਚੰਦਰਮਾ, ਕੂੜ ਅਮਾਉਸ ਵਿਚੋਂ,
ਸੱਚ ਚੰਦਰਮੇ ਤਾਈਂ ਚਮਕਾਵਣੇ ਨੂੰ ।
ਰਾਜੇ ਪਾਪ ਕਮਾਂਵਦੇ ਸੀ ਬਹੁਤੇ,
ਵਾੜ ਕੋਲੋਂ ਸੀ ਖੇਤ ਬਚਾਵਣੇ ਨੂੰ ।
ਰਾਜੇ ਸ਼ੀਂਹ ਮੁਕੱਦਮ ਸੀ ਹੋਏ ਕੁੱਤੇ,
ਉਨ੍ਹਾਂ ਪ੍ਰੇਮ ਦੇ ਨਾਲ ਸਮਝਾਵਣੇ ਨੂੰ ।
ਰੋਟੀ ਕੋਧਰੇ ਵਾਲੀ ਸੀ ਗੁਰਾਂ ਖਾਧੀ,
ਮਲਕ ਭਾਗੋ ਦੇ ਪੂੜੇ ਨਾ ਖਾਵਣੇ ਨੂੰ ।
ਖੇਤ ਕੀਤਾ ਸੀ ਜੱਟ ਦਾ ਹਰਾ ਭਰਾ,
ਗਊਆਂ ਮੱਝੀਆਂ ਤਾਈਂ ਚਰਾਵਣੇ ਨੂੰ ।
ਰੋੜੀ ਆਸਣ, ਤੇ ਕੀਤਾ ਸੀ ਰਿੱਠਾ ਮਿੱਠਾ,
ਸਿਮਰਨ ਕਰਨ ਦੀ ਜਾਚ ਸਿਖਾਵਣੇ ਨੂੰ ।
ਸਜਨ ਠੱਗ ਤੇ ਕਾਰੂ, ਰਾਕਸ਼ ਕੌਡੇ,
ਭੁਲੇ ਹੋਇਆਂ ਨੂੰ ਰਸਤੇ ਪਾਵਣੇ ਨੂੰ ।
ਏਕ ਨੂਰ ਤੋਂ ਸਭ ਜੱਗ ਉਪਜਿਓ,
ਊਚ ਨੀਚ ਦਾ ਭੇਦ ਮਿਟਾਵਣੇ ਨੂੰ ।
ਵਲੀ ਕੰਧਾਰੀ ਦਾ ਤੋੜ ਹੰਕਾਰ ਸਾਰਾ,
ਪੰਜਾਂ ਵਿੱਚ ਪਹਾੜਾਂ ਦੇ ਲਾਵਣੇ ਨੂੰ ।
ਰੱਬ ਚਾਰ ਚੁਫੇਰੇ ਹੈ ਸੁਣ ਕਾਜ਼ੀ,
ਮੱਕਾ ਫੇਰ ਕੇ ਭਰਮ ਚੁਕਾਵਣੇ ਨੂੰ ।
ਜਗਨਨਾਥ ਪੁਰੀ ਚਰਨ ਪਾਇ ਕੇ ਤੇ,
ਸੱਚੀ ਆਰਤੀ ਤਾਈਂ ਸਮਝਾਵਣੇ ਨੂੰ ।
ਹਰਦੁਆਰ ਭੀ ਪਾਣੀ ਉਛਾਲਿਆ ਸੀ,
ਪਾਂਧੇ ਪੰਡਤਾਂ ਭਰਮ ਕਢਾਵਣੇ ਨੂੰ ।
ਚੱਕੀ ਫੇਰੀ ਸੀ ਬਾਬਰ ਦੀ ਜੇਲ੍ਹ ਅੰਦਰ,
ਪ੍ਰੇਮ ਪਿਆਰ ਦਾ ਪਾਠ ਪੜ੍ਹਾਵਣੇ ਨੂੰ ।
ਸਿੱਧ-ਮੰਡਲੀ ਹੋਈ ਹੈਰਾਨ ਸੁਣ ਕੇ,
ਬਟਾਲੇ ਪਹੁੰਚੇ ਸੀ ਉਤਰ ਸੁਣਾਵਣੇ ਨੂੰ ।
ਗਿਣ ਸਕੇ ਉਪਕਾਰ 'ਚਮਕੌਰ' ਨਾਹੀ,
ਕਵਿਤਾ ਲਿਖੀ ਹੈ ਦਾਸ ਕਹਾਵਣੇ ਨੂੰ ।

# ਜਿਤੁ ਪੈਧੇ ਤਨੁ ਪੀੜੀਐ........

[ਵਲੋਂ–ਸ: ਜਸਵੰਤ ਸਿੰਘ ਜੀ, ਲੁਧਿਆਣਾ]

ਅੱਜ ਦਾ ਮਨੁੱਖ ਦੁਨੀਆ ਦੇ ਰਸਾਂ-ਕਸਾਂ ਵਿਚ ਇਤਨਾ ਡੁਬਿਆ ਪਿਆ ਹੈ ਕਿ ਉਸ ਨੂੰ ਪ੍ਰਮਾਤਮਾ ਬਿਲਕੁਲ ਵਿਸਰ ਗਿਆ ਹੈ। ਅੱਜ ਦੇ ਮਨੁੱਖ ਦਾ ਨਿਸ਼ਾਨਾ ਕਾਰਾਂ, ਕੋਠੀਆਂ, ਕੱਪੜੇ ਅਤੇ ਖਾਣ ਪੀਣ ਦੀਆਂ ਵਸਤਾਂ ਤੱਕ ਹੀ ਸੀਮਤ ਹੈ ਅਤੇ ਉਸਨੂੰ ਆਪਣਾ ਅਸਲੀ ਨਿਸ਼ਾਨਾ ਬਿਲਕੁਲ ਭੁੱਲ ਚੁੱਕਾ ਹੈ। ਅੱਜ ਫੈਸ਼ਨ ਦਾ ਇਤਨਾ ਜ਼ੋਰ ਹੈ ਕਿ ਸਾਨੂੰ ਇਸ ਬਾਰੇ ਆਪਣੇ ਸਤਿਗੁਰਾਂ ਦਾ ਸੰਦੇਸ਼ ਭੀ ਭੁੱਲ ਗਿਆ ਹੈ।

ਇਸ ਲੇਖ ਦਾ ਮੁਖ ਵਿਸ਼ਾ ਮਨੁੱਖੀ ਪਹਿਰਾਵਾ, ਖਾਸ ਤੌਰ ਤੇ ਬੀਬੀਆਂ ਦਾ ਪਹਿਰਾਵਾ ਹੈ, ਕਿਉਂਕਿ ਅੱਜ ਸਾਡੀਆਂ ਬੀਬੀਆਂ ਭੀ ਅਨ-ਮੱਤੀਆਂ ਵਲ ਦੇਖ ਦੇਖ ਕੇ ਚਟਕ-ਮਟਕ ਵਾਲੇ ਫੈਸ਼ਨਾਂ ਦੇ ਵਹਿਣ ਵਿਚ ਹੀ ਰੁੜ੍ਹੀਆਂ ਜਾ ਰਹੀਆਂ ਹਨ। ਸਾਡੇ ਅੱਜ ਦੇ ਧਾਰਮਿਕ ਜੀਵਨ ਤੇ ਜਿੱਥੇ 'ਬਿਪਰਨ ਕੀ ਰੀਤ' ਦਾ ਪ੍ਰਭਾਵ ਹੈ, ਉਥੇ ਪਹਿਰਾਵੇ ਵਿਚ ਭੀ, ਖਾਸ ਤੌਰ ਤੇ ਸਾਡੀਆਂ ਬੀਬੀਆਂ ਤੇ ਅਜਿਹਾ ਪ੍ਰਭਾਵ ਪਿਆ ਹੈ ਕਿ ਉਨ੍ਹਾਂ ਅਤੇ ਅਨ-ਮੱਤੀਆਂ ਦੀਆਂ ਇਸਤ੍ਰੀਆਂ ਵਿਚ ਕੋਈ ਫਰਕ ਨਜ਼ਰ ਹੀ ਨਹੀਂ ਆਉਂਦਾ। ਵਿਲੱਖਣਤਾ ਵਾਲੀ ਕੋਈ ਗੱਲ ਹੀ ਬਾਕੀ ਨਹੀਂ ਰਹੀ। ਗੁਰੂ ਸਾਹਿਬ ਦਾ ਫੁਰਮਾਨ ਤਾਂ ਹੈ—

ਜਬ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਉ ਮੈ ਸਾਰਾ ॥

ਇਹ ਸਪੱਸ਼ਟ ਫੁਰਮਾਨ ਹੈ ਕਿ ਖ਼ਾਲਸੇ (ਇਸਤ੍ਰੀ ਅਤੇ ਪੁਰਸ਼) ਨੇ ਨਿਆਰਾ ਰਹਿਣਾ ਹੈ। ਇਹ ਸਿਰਫ਼ ਪੁਰਸ਼ਾਂ ਤੇ ਹੀ ਲਾਗੂ ਨਹੀਂ ਹੁੰਦਾ, ਬਲਕਿ ਬੀਬੀਆਂ ਤੇ ਭੀ ਲਾਗੂ ਹੁੰਦਾ ਹੈ। ਅਜ 'ਸਾਬਤ ਸੂਰਤ' ਸਿੰਘ ਤਾਂ ਹਜ਼ਾਰਾਂ ਵਿਚੋਂ ਸਪੱਸ਼ਟ ਤੌਰ ਤੇ ਦਸਤਾਰ ਬੰਨ੍ਹੀ ਨਜ਼ਰ ਆਉਂਦਾ ਹੈ, ਪਰ ਬੀਬੀਆਂ ਦੇ ਪੱਖ ਤੋਂ ਇਹ ਗੱਲ ਨਹੀਂ ਕਹੀ ਜਾ ਸਕਦੀ। ਜੇਕਰ ਸਾਡੀਆਂ ਬੀਬੀਆਂ ਅਨ-ਮੱਤੀਆਂ ਵਿਚ ਖੜੀਆਂ ਹੋਣ ਤਾਂ ਕੋਈ ਭੀ ਨਹੀਂ ਦਸ ਸਕੇਗਾ ਕਿ ਇਹ ਸਿੱਖ ਧਰਮ ਨਾਲ ਸੰਬੰਧ ਰਖਦੀਆਂ ਹਨ। ਪੁਰਾਤਨ ਸਮਿਆਂ ਵਿਚ ਸਿਖ ਬੀਬੀਆਂ ਦਸਤਾਰਾਂ ਸਜਾਈ ਦੂਰੋਂ ਹੀ ਇਸ ਗੱਲ ਦੀ ਗਵਾਹੀ ਦਿੰਦੀਆਂ ਸਨ ਕਿ ਇਹ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਪੁੱਤਰੀਆਂ ਹਨ।

ਅੱਜ ਕਲ੍ਹ ਇਕ ਖਾਸ ਕਿਸਮ ਦਾ ਪਹਿਰਾਵਾ, ਜਿਸ ਨਾਲ ਕਿ ਇਸਤ੍ਰੀਆਂ ਦੇ ਸਰੀਰ ਦਾ ਕਾਫੀ ਹਿੱਸਾ ਬਿਲਕੁਲ ਨੰਗਾ ਨਜ਼ਰ ਆਉਂਦਾ ਹੈ, ਦਿਨੋ ਦਿਨ ਬੜੀ ਤੇਜ਼ੀ ਨਾਲ ਪ੍ਰਚੱਲਤ ਹੋ ਰਿਹਾ ਹੈ। ਇਸ ਦਾ ਸਿੱਖ ਬੀਬੀਆਂ ਤੇ ਭੀ ਪ੍ਰਭਾਵ ਪਿਆ ਹੈ। ਅਤੇ ਉਨ੍ਹਾਂ ਵਿਚ ਭੀ ਇਹ ਪਹਿਰਾਵਾ ਪਾਉਣ ਦੀ ਮਾੜੀ ਵਾਦੀ ਪੈ ਗਈ ਹੈ। ਕਈ ਵਾਰੀ ਦਿਲ ਹਿੱਲ ਜਾਂਦਾ ਹੈ ਜਦ ਕਿ ਕੋਈ ਅੰਮ੍ਰਿਤਧਾਰੀ ਸਿੰਘ, ਆਪਣੀ ਸਿੰਘਣੀ ਨਾਲ, ਜੋ ਕਿ ਅੱਧ-ਨੰਗੇ ਲਿਬਾਸ ਵਿਚ ਹੁੰਦੀ ਹੈ, ਸੜਕ ਤੇ ਜਾਂਦਾ ਨਜ਼ਰੀ ਆਉਂਦਾ ਹੈ। ਮਨ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਜਿਸ ਸਿੱਖ ਲਈ ਸਿਰ ਢੱਕਣਾ ਜ਼ਰੂਰੀ ਹੈ, ਕੀ ਉਸਦੀ ਸਿੰਘਣੀ ਲਈ ਆਪਣਾ ਸਰੀਰ ਢੱਕਣਾ ਵੀ ਜ਼ਰੂਰੀ ਨਹੀਂ ? ਖਾਸ ਕਰਕੇ ਉਹ ਹਿੱਸਾ ਜਿਸ ਨਾਲ ਦੇਖਣ ਵਾਲੇ ਲੋਕਾਂ ਦੇ ਮਨ ਵਿਚ ਭੀ ਵਿਕਾਰ ਪੈਦਾ ਹੋਣ ਲੱਗਦਾ ਹੈ। ਕੀ ਸਾਨੂੰ ਗੁਰੂ ਸਾਹਿਬ ਦੇ ਇਹ ਵਾਕ "ਜਿਤੁ ਪੈਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ" ਵਾਲੀ ਗੱਲ ਬਿਲਕੁਲ ਭੁੱਲ ਗਈ ਹੈ ? ਇਸ ਤਰ੍ਹਾਂ ਦੇ ਕਪੜੇ ਪਹਿਨਣ ਨਾਲ ਆਪਣੇ ਮਨ ਵਿਚ ਹੀ ਵਿਕਾਰ ਪੈਦਾ ਨਹੀਂ ਹੁੰਦੇ, ਬਲਕਿ ਦੂਸਰਿਆਂ ਦੇਖਣ ਵਾਲਿਆਂ ਦੇ ਮਨ ਵਿਚ ਭੀ ਹੁੰਦੇ ਹਨ।

ਕੁਝ ਸਮਾਂ ਹੋਇਆ, ਇਸ ਪਹਿਰਾਵੇ ਬਾਰੇ ਇਕ ਨਾਮਵਰ ਮੈਗਜ਼ੀਨ, ਜੋ ਕਿ ਸਿੱਖ ਧਰਮ ਦੇ ਪ੍ਰਚਾਰ ਦੀ ਸੇਵਾ ਕਰ ਰਿਹਾ ਹੈ, ਉਸ ਵਿਚ ਇਕ ਲੇਖ ਛਪਿਆ ਕਿ ਜਦ ਕੋਈ ਬਾਹਰਲੇ ਦੇਸ ਜਾਂ ਕੌਮ ਦਾ ਕੋਈ ਆਦਮੀ ਜਾਂ ਇਸਤ੍ਰੀ ਸਿੱਖ ਸਜਦੇ ਹਨ ਤਾਂ ਇਹ ਜ਼ਰੂਰੀ ਨਹੀਂ ਕਿ ਉਹ ਆਪਣਾ ਸੱਭਿਆਚਾਰ ਬਦਲਣ,



www.AKJ.Org

ਜਿਸ ਵਿਚ ਪਹਿਰਾਵਾ ਭੀ ਸ਼ਾਮਲ ਹੈ। ਉਨ੍ਹਾਂ ਨੇ ਇਸ ਪਹਿਰਾਵੇ ਦੀ ਵਕਾਲਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਕਿ ਸਰੀਰ ਅੱਧ-ਨੰਗਾ ਰਹਿੰਦਾ ਹੈ ਅਤੇ ਸਿਰ ਭੀ ਨਹੀਂ ਢਕਿਆ ਜਾ ਸਕਦਾ। ਸੱਭਿਆਚਾਰ ਨਾ ਬਦਲਣ ਵਾਲੀ ਗੱਲ ਕਾਫ਼ੀ ਠੀਕ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਨੂੰ ਉਹ ਪਹਿਰਾਵਾ ਪਹਿਨਣ ਦੀ ਭੀ ਖੁਲ੍ਹ ਮਿਲ ਗਈ ਹੈ ਜੋ ਕਿ ਸਿੱਖ ਧਰਮ ਦੇ ਅਨਕੂਲ ਨਾ ਹੋਵੇ। ਉਨ੍ਹਾਂ ਨੂੰ ਉਹ ਖਾਣਾ, ਪੀਣਾ, ਪਹਿਨਣਾ ਅਤੇ ਹੋਰ ਅਜਿਹੇ ਕਰਮ ਛੱਡਣੇ ਪੈਣਗੇ ਜਿਨ੍ਹਾਂ ਬਾਰੇ ਗੁਰੂ ਜੀ ਸਾਨੂੰ ਸਖਤ ਹਦਾਇਤ ਕਰ ਗਏ ਹਨ। ਜਿਵੇਂ ਕਿ ਅੱਜ ਦਾ ਪੱਛਮੀ ਸੱਭਿਆਚਾਰ ਹੈ, ਜਿੱਥੇ ਹਰ ਤਰ੍ਹਾਂ ਦੀ ਅਜ਼ਾਦੀ ਮਿਲੀ ਹੋਈ ਹੈ। ਲੋਕੀਂ ਸਮੁੰਦਰਾਂ ਦੇ ਕੰਢਿਆਂ ਤੇ ਨੰਗੇ ਹੋ ਕੇ ਆਮ ਲੋਕਾਂ ਦੇ ਸਾਹਮਣੇ ਧੁੱਪ ਸੇਕਦੇ ਹਨ, ਅਜਿਹੀਆਂ ਪਾਰਕਾਂ ਹਨ ਜਿੱਥੇ ਹਰ ਇਕ ਤਰ੍ਹਾਂ ਦਾ ਕਰਮ ਕੀਤਾ ਜਾ ਸਕਦਾ ਹੈ। ਜੇਕਰ ਉਨ੍ਹਾਂ ਮੁਲਕਾਂ ਵਿਚੋਂ ਕੁੱਝ ਲੋਕੀਂ ਸਿੱਖ ਸੱਜ ਜਾਣ ਤਾਂ ਕੀ ਸਿੱਖ ਧਰਮ ਉਨ੍ਹਾਂ ਨੂੰ ਅਜਿਹਾ ਕਰਨ ਦੀ ਇਜ਼ਾਜ਼ਤ ਦਿੰਦਾ ਹੈ ? ਬਿਲਕੁਲ ਨਹੀਂ। ਭਾਵੇਂ ਉਨ੍ਹਾਂ ਨੇ ਪੰਜੇ ਕਕਾਰ ਪੂਰੇ ਕੀਤੇ ਹੋਣ, ਅੰਮ੍ਰਿਤ ਛਕਿਆ ਹੋਵੇ। ਉਹਨਾਂ ਨੂੰ ਧਰਮ ਇਹ ਇਜਾਜ਼ਤ ਨਹੀਂ ਦਿੰਦਾ ਕਿ ਉਹ ਉਥੇ ਪਾਰਕਾਂ ਜਾਂ ਸਮੁੰਦਰਾਂ ਦੇ ਕੰਢਿਆਂ ਤੇ ਬੈਠ ਕੇ ਆਪਣਾ ਸੱਭਿਆਚਾਰ ਬਚਾਉਣ ਲਈ ਨੰਗੇ ਹੋ ਕੇ ਧੁੱਪ ਸੇਕਣ ਤੇ ਐਸ਼ਾਂ ਕਰਨ।

ਕਈ ਤਾਂ ਉਪਰ ਲਿਖੇ ਲਿਖਾਰੀ ਵਾਂਗ ਇਹ ਕਹਿਣਗੇ ਕਿ ਮਨ ਸਾਫ਼ ਹੋਣਾ ਚਾਹੀਦਾ, ਜਾਂ ਕਹਿਣਗੇ ਕਿ ਦੱਸੋ ਬਾਣੀ ਵਿਚ ਕਿੱਥੇ ਲਿਖਿਆ ਹੈ ਕਿ ਸਮੁੰਦਰ ਦੇ ਕੰਢੇ ਤੇ ਬੈਠ ਕੇ ਧੁੱਪ ਨਹੀਂ ਸੇਕ ਸਕਦੇ ? ਇਹੋ ਜਿਹੀਆਂ ਜਗ੍ਹਾ ਤੇ ਆਮ ਤੌਰ ਤੇ ਉਹੀ ਲੋਗ ਜਾਂਦੇ ਹਨ ਜੋ ਕਾਮੀ ਹੋਣ। ਅਤੇ ਉਥੇ ਜਾਣ ਨਾਲ ਉਨ੍ਹਾ ਦੇ ਮਨ ਵਿਚ ਵਿਕਾਰ ਪੈਦਾ ਹੋਣਗੇ।

ਠੀਕ ਇਸੇ ਤਰ੍ਹਾਂ ਹੀ ਜੋ ਬੀਬੀਆਂ ਹਾਰ-ਸ਼ਿੰਗਾਰ ਕਰ ਕੇ ਅਤੇ ਅੱਧ-ਨੰਗੇ ਪਹਿਰਾਵੇ ਪਹਿਨ ਕੇ ਜਦ ਆਪ ਲੋਕਾਂ ਵਿੱਚ ਜਾਂਦੀਆਂ ਹਨ, ਉਨ੍ਹਾਂ ਦੇ ਆਪਣੇ ਮਨ ਵਿੱਚ ਅਤੇ ਦੇਖਣ ਵਾਲਿਆਂ ਦੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ, ਆਪਣੇ ਸਰੀਰ ਨੂੰ ਅੱਧ-ਨੰਗਾ ਕਰ ਕੇ ਵਿਖਾਉਣਾ ਕਿਸੇ ਨੇਕ-ਨੀਅਤ ਮਨੁੱਖ ਦਾ ਕੰਮ ਨਹੀਂ। ਇਹ ਗੱਲ ਭੀ ਭਾਵੇਂ ਮੰਨਣ ਯੋਗ ਹੈ ਕਿ ਕਈ ਦੇਖਾ-ਦੇਖੀ ਇਸ ਭੇਡ-ਚਾਲ ਵਲ ਤੁਰੀ ਜਾ ਰਹੇ ਹਨ। ਪਰ ਇਹੋ ਜਿਹਾ ਪਹਿਰਾਵਾ ਬਗ਼ੈਰ ਕਿਸੇ ਹੀਲ-ਹੁਜਤ ਤਿਆਗਣ ਯੋਗ ਹੈ।

ਇਸ ਤੋਂ ਇਲਾਵਾ ਇੱਕ ਹੋਰ ਬੀਮਾਰੀ ਅੱਜ ਕੱਲ੍ਹ ਆਮ ਤੌਰ ਤੇ ਦੇਖੀ ਜਾਂਦੀ ਹੈ ਕਿ ਸਾਡੇ ਘਰਾਂ ਵਿਚ ਬੀਬੀਆਂ ਨੰਗੇ ਸਿਰ ਹੀ ਸੱਭ ਕੰਮ-ਕਾਜ ਕਰਦੀਆਂ ਹਨ। ਬਾਹਰ ਤਾਂ ਕੋਈ ਵਿਰਲੀ ਵਿਰਲੀ ਹੀ ਬੀਬੀ ਸਿਰ ਢਕਦੀ ਹੈ। ਦੂਸਰਿਆਂ ਦੀ ਦੇਖਾ-ਦੇਖੀ ਉਨ੍ਹਾਂ ਨੇ ਭੀ ਸਿਰਾਂ ਤੋਂ ਚੁੰਨੀਆਂ ਲਾਹ ਦਿੱਤੀਆਂ ਹਨ ਅਤੇ ਗਲਾਂ ਵਿੱਚ ਪਾ ਲਈਆਂ ਹਨ। ਕਈਆਂ ਨੇ ਤਾਂ ਇਹ ਝਗੜਾ ਹੀ ਮੁਕਾ ਦਿੱਤਾ ਹੈ, ਚੁੰਨੀ ਬਿਲਕੁਲ ਹੀ ਲੈਣੀ ਛੱਡ ਦਿੱਤੀ ਹੈ। ਸਾਡੀਆਂ ਨੌਜਵਾਨ ਭੈਣਾਂ ਤਾਂ ਗੁਰਦੁਆਰੇ ਜਾ ਕੇ ਹੀ ਸਿਰ ਢੱਕਦੀਆਂ ਹਨ। ਜਦੋਂ ਗੁਰਦੁਆਰਿਓਂ ਬਾਹਰ ਆ ਗਈਆਂ ਤਾਂ ਸਿਰ ਤੋਂ ਚੁੰਨੀ ਲਾਹ ਕੇ ਗਲ ਵਿੱਚ ਪਾ ਲਈ ਜਾਂਦੀ ਹੈ।

ਇੱਕ ਖਾਲਸਾ ਕਾਲਜ ਵਿੱਚ ਕੁੱਝ ਬੀਬੀਆਂ, ਜੋ ਕਿ ਸਿਰ ਢਕ ਕੇ ਜਾਂਦੀਆਂ ਸਨ, ਇਕ ਟੀਚਰ ਵਲੋਂ ਇਹ ਲਫ਼ਜ਼ ਕਹੇ ਗਏ ਕਿ ਇਹ ਕੋਈ ਗੁਰਦੁਆਰਾ ਹੈ ਕਿ ਤੁਸੀਂ ਸਿਰ ਢਕ ਕੇ ਆਉਂਦੀਆਂ ਹੋ। ਅੱਜ ਕਲ੍ਹ ਜਦ ਕੋਈ ਲੜਕਾ ਨੰਗੇ ਸਿਰ ਫਿਰ ਰਿਹਾ ਹੋਵੇ ਤਾਂ ਆਮ ਤੌਰ ਤੇ ਹਰ ਇੱਕ ਬੰਦਾ ਉਸਨੂੰ ਕਹੇਗਾ ਕਿ ਕਾਕਾ ਨੰਗੇ ਸਿਰ ਨਹੀਂ ਫਿਰਨਾ ਚਾਹੀਦਾ, ਪਰ ਸਾਡੀਆਂ ਬੀਬੀਆਂ ਜੇਕਰ ਨੰਗੇ ਸਿਰ ਹੋਣ ਤਾਂ ਹਜ਼ਾਰਾਂ ਆਦਮੀਆਂ ਵਿੱਚੋਂ ਬਹੁਤ ਘਟ ਆਦਮੀ ਕਹਿਣਗੇ ਕਿ ਬੀਬੀ ਸਿਰ ਢਕ ਕੇ ਰਖੋ। ਸਾਡੇ ਵਿਚ ਇਹ ਕਹਿਣ ਦੀ ਜੁਰਅੱਤ ਹੀ ਨਹੀਂ ਰਹੀ। ਦੂਸਰਾ ਜੋ ਪਹਿਰਾਵਾ ਅੱਜ ਪਹਿਨਿਆ ਜਾ ਰਿਹਾ ਹੈ ਉਸ ਨਾਲ ਸਿਰ ਤਾਂ ਢਕਿਆ ਹੀ ਨਹੀਂ ਜਾਂਦਾ, ਸਗੋਂ ਅੱਧਾ ਸਰੀਰ ਭੀ ਬਿਲਕੁਲ ਨੰਗਾ ਨਜ਼ਰ ਆਉਂਦਾ ਹੈ। ਸਾਡੇ ਆਪਣੇ ਘਰਾਂ



www.AKJ.Org

ਵਿੱਚ ਬੀਬੀਆਂ ਦੇ ਸਿਰ ਆਮ ਤੌਰ ਤੇ ਨੰਗੇ ਹੀ ਹੁੰਦੇ ਹਨ । ਇਹ ਆਮ ਘਰਾਂ ਦੀ ਗੱਲ ਨਹੀਂ, ਜੋ ਆਪਣੇ ਆਪ ਨੂੰ ਕੱਟੜ ਸਿੰਘ ਅਖਵਾਉਂਦੇ ਹਨ ਉਨ੍ਹਾਂ ਦਾ ਭੀ ਇਹੀ ਹਾਲ ਹੈ ।

ਜਿੱਥੇ ਕਰਮ-ਕਾਂਡਾਂ, ਵਰਤਾਂ, ਥਿਤਾਂ ਵਾਰਾਂ ਅਤੇ ਹੋਰ ਅਨਮੱਤੀ ਕਰਮ-ਕਾਂਡਾਂ ਦਾ ਅਸੀਂ ਖੰਡਨ ਕਰਦੇ ਹਾਂ, ਉਥੇ ਸਾਨੂੰ ਇਸ ਬਾਰੇ ਭੀ ਸੋਚਣਾ ਪਵੇਗਾ । ਅਸੀਂ ਗੱਲ ਨਿਆਰੇ ਹੋਣ ਦੀ ਕਰਦੇ ਹਾਂ,ਕੀ ਨੰਗੇਜ ਦਿਖਾਉਣ ਵਾਲੇ ਪਹਿਰਾਵੇ ਨਾਲ ਸਾਡੀਆਂ ਬੀਬੀਆਂ ਨਿਆਰੀਆਂ ਹੋ ਸਕਦੀਆਂ ਹਨ? ਬਿਲਕੁਲ ਨਹੀਂ । ਇਹ 'ਬਿਪਰਨ ਕੀ ਰੀਤ' ਭੀ ਤਿਆਗਣੀ ਪਵੇਗੀ ।

ਪਿਛਲੇ ਦਿਨੀਂ ਇਕ ਜਥਾ ਜੋ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਤੇ ਗਿਆ, ਉਨ੍ਹਾਂ ਵਿਚੋਂ ਇਕ ਸਿੰਘ ਦਾ ਲੇਖ ਇਕ ਅਖਬਾਰ ਵਿਚ ਛਪਿਆ । ਉਨ੍ਹਾਂ ਨੇ ਲਿਖਿਆ ਕਿ ਜਥੇ ਦੀਆਂ ਕੁਝ ਬੀਬੀਆਂ ਦੇ ਅਜਿਹਾ ਪਹਿਰਾਵਾ ਸੀ ਕਿ ਸਰੀਰ ਅੱਧ-ਨੰਗੇ ਸਨ ਅਤੇ ਸਿਰ ਭੀ ਢੱਕੇ ਹੋਏ ਨਹੀਂ ਸਨ । ਮੁਸਲਮਾਨਾਂ ਦੇ ਕਈ ਬੱਚੇ ਉਨ੍ਹਾਂ ਨੂੰ ਦੇਖ ਕੇ ਸ਼ਰਮ ਨਾਲ ਘਰਾਂ ਵਿਚ ਵੜ ਗਏ ਅਤੇ ਘਰ ਦਿਆਂ ਨਾਲ ਘੁਸਰ-ਮੁਸਰ ਕਰਨ ਲੱਗੇ । ਇਕ ਦੋ ਬੰਦੇ ਆ ਕੇ ਪੁੱਛਣ ਲੱਗੇ ਕਿ ਕੀ ਸਿੱਖ ਧਰਮ ਵਿਚ ਇਹੋ ਜਿਹਾ ਪਹਿਰਾਵਾ, ਜਿਸ ਨਾਲ ਸਰੀਰ ਅੱਧ-ਨੰਗਾ ਰਹੇ, ਪ੍ਰਵਾਨ ਹੈ ? ਸਿੰਘ ਸਾਹਿਬ ਨੇ ਲਿਖਿਆ, ਸਾਡੇ ਪਾਸ ਕੋਈ ਜਵਾਬ ਨਹੀਂ ਸੀ । ਸਾਡਾ ਸਿਰ ਸ਼ਰਮ ਨਾਲ ਨੀਵਾਂ ਹੋ ਗਿਆ ।

ਅੱਜ ਸਾਡੀਆਂ ਬੀਬੀਆਂ ਛੇਦਕ ਗਹਿਣੇ ਪਾਉਣ ਤੋਂ ਭੀ ਗੁਰੇਜ਼ ਨਹੀਂ ਕਰਦੀਆਂ । ਨੱਕ ਵਿਚ ਨੱਥ, ਕੰਨਾਂ ਵਿਚ ਵਾਲੀਆਂ, ਹੋਰ ਗਹਿਣੇ ਅਤੇ ਅਨਮਤੀਆਂ ਵਾਲਾ ਪਹਿਰਾਵਾ ਪਾ ਕੇ 'ਬਿਪਰਨ ਕੀ ਰੀਤ' ਤੇ ਚੱਲਣ ਦਾ ਪੂਰਾ ਸਬੂਤ ਦਿੰਦੀਆਂ ਹਨ । ਇਸਤ੍ਰੀ ਦੀ ਆਪਣੇ ਧਨ ਅਤੇ ਆਪਣੇ ਸ਼ਿੰਗਾਰ ਦੀ ਲਾਲਸਾ ਪੁਰਸ਼ ਦੇ ਪਾਪਾਂ ਦਾ ਮੂਲ ਹੈ । ਗੁਰੂ ਸਾਹਿਬ ਵਲੋਂ ਸਪੱਸ਼ਟ ਸੰਕੇਤ ਹੈ ਕਿ ਹਾਰ-ਸ਼ਿੰਗਾਰ ਕਰਨਾ ਮਿੱਟੀ ਨੂੰ ਸਜਾਉਣ ਦੇ ਤੁੱਲ ਹੈ– ਕਾਪੜੁ ਪਹਿਰਸਿ ਅਧਿਕ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥

(ਬਸੰਤ ਅਸ਼ਟ: ਮ: ੧, ਪੰਨਾ ੧੧੮੭)

ਅਸੀਂ ਅੱਜ ਕਲ੍ਹ ਬਿਲਕੁਲ ਐਨ ਇਸ ਦੇ ਉਲਟ ਚਲ ਰਹੇ ਹਾਂ, ਫੈਸ਼ਨ-ਪ੍ਰਸਤੀ ਪੂਰੇ ਜੋਬਨ ਤੇ ਹੈ । ਅੱਜ ਕਲ੍ਹ ਦੀਆਂ ਲਚਰ-ਪਚਰ ਫਿਲਮਾਂ ਦੇਖ ਕੇ ਸਾਡੇ ਨੌਜਵਾਨ ਲੜਕੇ ਅਤੇ ਲੜਕੀਆਂ, ਹੀਰੋ ਅਤੇ ਹੀਰੋਇਨਾਂ ਦੀ ਤਰ੍ਹਾਂ ਆਮ ਜੀਵਨ ਵਿਚ ਵਿਚਰਦੇ ਹਨ । ਅੱਜ ਆਪਣੇ ਘਰਾਂ ਵਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਹਾਰ-ਸ਼ਿੰਗਾਰ ਤੇ ਦੋ-ਦੋ ਘੰਟੇ ਲਗਾ ਦਿੱਤੇ ਜਾਂਦੇ ਹਨ, ਪਰ ਪਾਠ ਕਰਨ ਵਾਸਤੇ, ਗੁਰਦੁਆਰੇ ਜਾਣ ਵਾਸਤੇ ਸਾਡੇ ਪਾਸ ਸਮਾਂ ਨਹੀਂ ਹੈ । ਸਾਡੀਆਂ ਮਾਤਾਵਾਂ ਅਤੇ ਭੈਣਾਂ ਆਪ ਨੰਗੇ ਸਿਰ ਅਤੇ ਅੱਧ-ਨੰਗੇ ਪਹਿਰਾਵੇਂ ਵਿਚ ਬਾਹਰ ਜਾਣ ਵਿਚ ਫਖ਼ਰ ਸਮਝਦੀਆਂ ਹਨ । ਉਨ੍ਹਾਂ ਨੇ ਆਪਣੇ ਬੱਚੇ ਅਤੇ ਬੱਚੀਆਂ ਨੂੰ ਫੈਸ਼ਨ ਤੋਂ ਕਦੋਂ ਮੋੜਨਾ ਹੈ ? ਸੋ ਅੱਜ ਲੋੜ ਹੈ ਕਿ ਸਾਡੀਆਂ ਬੀਬੀਆਂ ਦਸਤਾਰਾਂ ਸਜਾਉਣ ਅਤੇ ਹਾਰ-ਸ਼ਿੰਗਾਰ ਦੇ ਰਸਾਂ-ਕਸਾਂ ਤੋਂ ਛੁਟਕਾਰਾ ਪਾਉਣ । ਜੇਕਰ ਸਾਡੀਆਂ ਮਾਤਾਵਾਂ ਵਿਚ ਹੀ ਇਹ ਫ਼ੈਸ਼ਨ-ਪ੍ਰਸਤੀ ਰਹਿੰਦੀ ਹੈ ਤਾਂ ਅੱਗੋਂ ਲੜਕੀਆਂ ਉਨ੍ਹਾਂ ਨਾਲੋਂ ਭੀ ਦੋ ਕਦਮ ਅੱਗੇ ਹੋ ਕੇ ਘੋੜੀ ਦੀ ਪੂਛ ਵਾਂਗ ਆਪਣੀਆਂ ਗੁੱਤਾਂ ਬਣਾਉਣਗੀਆਂ ਅਤੇ ਕੇਸ ਦੀ ਬੇਅਦਬੀ ਕਰਨਗੀਆਂ, ਜਿਸ ਦਾ ਅਸਰ ਪਰਤੱਖ ਨਜ਼ਰ ਆ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਹੋਰ ਭੀ ਸਿੱਖੀ ਨੂੰ ਢਾਅ ਲਗੇਗੀ । ਸਾਨੂੰ ਆਪਣੀ ਪੁਰਾਣੀ ਰਵਾਇਤ (ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਸੀ) ਭਾਵ ਬੀਬੀਆਂ ਨੂੰ ਦਸਤਾਰ ਸਜਾਉਣ ਤੇ ਹੀ ਅੰਮ੍ਰਿਤ ਛਕਾਇਆ ਜਾਂਦਾ ਸੀ, ਮੁੜ ਸੁਰਜੀਤ ਕਰਨੀ ਚਾਹੀਦੀ ਹੈ ।

---

**ਬੇਨਤੀਆਂ**—(੧) ਹਰ ਮਹੀਨੇ ਤੁਹਾਡੇ ਐਡਰੈਸ ਨਾਲ ਅਸੀਂ ਚਿਟ ਨੰਬਰ ਲਿਖ ਭੇਜਦੇ ਹਾਂ । ਤੁਸੀਂ ਮਨੀਆਰਡਰ ਉਤੇ ਜਾਂ ਚਿਠੀ ਪੱਤਰ ਉਪਰ ਚਿਟ ਨੰਬਰ ਜ਼ਰੂਰ ਲਿਖ ਕੇ ਭੇਜੋ ।

(੨) ਜਿਨ੍ਹਾਂ ਸਜਣਾਂ ਦੇ ਪਰਚੇ ਡਾਕ ਵਿਚ ਗੁੰਮ ਹੋ ਜਾਂਦੇ ਹਨ, ਉਸੇ ਮਹੀਨੇ ਕਾਰਡ ਪੁਜਣ ਤੇ ਅਸੀਂ ਦੁਬਾਰਾ ਭੇਜ ਦਿੰਦੇ ਹਾਂ ।

www.AKJ.Org

# "ਜੋਤਿ ਓਹਾ ਜੁਗਤਿ ਸਾਇ"

[ਵਲੋਂ–ਗਿ: ਗੋਪਾਲ ਸਿੰਘ ਜੀ ਮਿਤਰ, (ਮਾਲਬ) ਗੁੜਗਾਉ]

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸ ਗੁਰੂ ਜੋਤਾਂ ਅੰਦਰ ਅਕਾਲ ਪੁਰਖ ਦੀ ਜਾਗਤ ਜੋਤਿ ਇਕੋ ਜਹੇ ਰੂਪ ਵਿਚ ਵਿਦਮਾਨ ਹੁੰਦੀ ਰਹੀ ਹੈ। ਭਾਵੇਂ ਇਹ ਗੁਰੂ ਜੋਤਾਂ ਸੰਸਾਰੀ ਜੀਵਾਂ ਦੇ ਉਧਾਰ ਲਈ ਵਖੋ ਵਖ ਸਮਿਆਂ ਵਿਚ ਪ੍ਰਕਾਸ਼ਮਾਨ ਹੋਈਆਂ, ਪਰੰਤੂ ਜੋਤਿ ਤੇ ਜੁਗਤਿ ਵਿਚ ਭਿੰਨ-ਭੇਦ ਨਹੀਂ ਸੀ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ (੯੬੬)

ਆਦਿ ਸਤਿਗੁਰੂ ਜੀ ਤੋਂ ਬਾਅਦ ਨੌਂ ਜੋਤਾਂ ਜੋ ਜਗਤ-ਨਿਸਤਾਰੇ ਲਈ ਸੰਸਾਰ ਤੇ ਆਈਆਂ, ਉਹ ਆਦਿ (ਗੁਰੂ ਨਾਨਕ) ਰੂਪ ਹੀ ਸਨ, ਜਿਨ੍ਹਾਂ ਨੇ ਸਮੇਂ ਸਮੇਂ ਅਨੁਸਾਰ ਬਾਬੇ ਦੇ ਚਲਾਏ ਹੋਏ ਨਿਰਾਲੇ ਪੰਥ ਦੀ ਸੰਭਾਲ ਕਰਦਿਆਂ ਇਸ ਪੰਥ ਨੂੰ ਉੱਨਤੀ ਦੀ ਸਿਖਰ ਤੇ ਪੁਚਾਇਆ ਤੇ ਗੁਰੂ ਗੋਬਿੰਦ ਸਿੰਘ ਰੂਪ ਵਿਚ ਖ਼ਾਲਸ (ਸੁਧ) 'ਖਾਲਸਾ' ਸਾਜਨਾ ਕਰਕੇ ਸੰਸਾਰ ਦੇ ਇਤਿਹਾਸ-ਪੰਧ ਵਿਚ ਇਕ ਨਵਾਂ ਮੀਲ-ਪੱਥਰ ਕਾਇਮ ਕੀਤਾ।

ਗੁਰੂ ਨਾਨਕ ਦੇਵ ਜੀ ਹੀ ਗੁਰੂ ਗੋਬਿੰਦ ਸਿੰਘ ਜੀ ਸਨ–"ਗੁਰੂ ਨਾਨਕ ਦੇਵ ਗੋਬਿੰਦ ਰੂਪ"। ਗੁਰੂ ਗੋਬਿੰਦ ਸਿੰਘ ਜੀ ਦਸਵੇਂ ਗੁਰੂ ਨਾਨਕ ਸਨ। ਇਸ ਦਸਵੀਂ ਜੋਤਿ ਨੇ ਅੰਤ ਨੂੰ ਆਪਣੀ ਜੋਤਿ-ਸੱਤਾ ਸ਼ਬਦ ਵਿਚ ਅਭੇਦ ਕਰ ਦਿਤੀ, ਜੋ ਸਦਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹੈ।

ਅਕਾਲ ਪੁਰਖ ਦੀ ਇਹ ਜੋਤਿ ਜੋ ਦਸਾਂ ਸਰੂਪਾਂ ਵਿਚ ਪ੍ਰਕਾਸ਼ਮਾਨ ਹੁੰਦੀ ਰਹੀ ਹੈ, ਨਿਰੰਕਾਰ ਆਪ ਹੀ ਦੈਵੀ ਸ਼ਕਤੀਆਂ ਤੇ ਬਰਕਤਾਂ ਦੇ ਭੰਡਾਰ ਬਖਸ਼ਸ਼ ਕਰ ਕੇ ਸੰਸਾਰ ਤੇ ਭੇਜਦਾ ਰਿਹਾ ਹੈ। ੨੩੯ ਸਾਲ ਇਨ੍ਹਾਂ ਜੋਤਾਂ ਨੇ ਸੰਸਾਰ ਨੂੰ ਨਿਰੰਕਾਰੀ ਸੰਦੇਸ਼ ਦੇ ਕੇ ਜੋ ਘਾਲ ਘਾਲੀ ਹੈ, ਉਹ ਸੰਸਾਰ ਦੇ ਇਤਿਹਾਸ ਵਿਚ ਸੁਨਹਿਰੀ ਅਖਰਾਂ ਨਾਲ ਲਿਖੀ ਮਿਲਦੀ ਹੈ।

ਇਸ ਜੋਤਿ ਤੇ ਜੁਗਤਿ ਦੇ ਵਟਾਂਦਰੇ (ਸਰੀਰਕ ਤਬਦੀਲੀਆਂ) ਕਿਸੇ ਪਿਤਾ-ਪੁਰਖੀ ਪ੍ਰਥਾ ਨੂੰ ਮੁਖ ਰਖ ਕੇ ਜਾਂ ਕਿਸੇ ਜਾਤ ਗੋਤ ਦੇ ਵਿਤਕਰੇ ਅਨੁਸਾਰ ਜਾਂ ਕਿਸੇ ਜੱਦੀ ਜੈਦਾਦ ਦੇ ਨਜ਼ਰੀਏ ਨਾਲ ਨਹੀਂ ਹੁੰਦੇ ਰਹੇ, ਸਗੋਂ ਅਕਾਲ ਪੁਰਖ ਜਿਵੇਂ ਜਿਵੇਂ ਇਨ੍ਹਾਂ ਜੋਤਾਂ ਨੂੰ ਸਮੇਂ ਸਮੇਂ ਅਨੁਸਾਰ ਪ੍ਰਕਾਸ਼ਮਾਨ ਕਰਦਾ ਰਿਹਾ ਹੈ, ਇਹ ਵੀ ਅਸਚਰਜ ਅਤੇ ਕੌਤਕੀ ਇਤਿਹਾਸ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁਤਰਾਂ ਨੂੰ ਅਖੋਂ ਉਹਲੇ ਕਰ ਕੇ ਸੇਵਕ 'ਲਹਿਣਾ' ਜੀ ਨੂੰ ਧਰਤ-ਲੁਕਾਈ ਤਕ ਰੱਬੀ ਸੰਦੇਸ਼ ਪੁਚਾਣ ਲਈ ਆਪਣੀ ਥਾਵੇਂ ਥਾਪਿਆ। ਕਿਉਂਕਿ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸੇ ਜੋਤਿ ਨੇ ਹੀ ਦੂਸਰਾ ਜਾਮਾ ਧਾਰ ਕੇ ਸੰਸਾਰ ਨੂੰ ਚਾਨਣ ਪ੍ਰਦਾਨ ਕਰਨਾ ਸੀ।

'ਸ੍ਰੀ ਨਾਨਕ ਅੰਗਦਿ ਕਰਿ ਮਾਨਾ'।੯। [ਬਚਿਤ੍ਰ ਨਾਟਕ, ਅਧਿ: ੫

ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਨੇ ੭੨ ਸਾਲ ਦੀ ਆਯੂ ਵਾਲੇ ਸੇਵਾ ਦੇ ਪੁੰਜ ਬਿਰਧ ਬਾਬੇ 'ਅਮਰਦਾਸ' ਜੀ ਨੂੰ ਇਹ ਜ਼ਿੰਮੇਦਾਰੀ ਸੌਂਪੀ। ਪੁੱਤਰ ਵੇਖਦੇ ਰਹਿ ਗਏ। "ਅਮਰਦਾਸ ਅੰਗਦ ਪਹਿਚਾਨਾ ॥"

ਗੁਰੂ ਅਮਰਦਾਸ ਜੀ ਨੇ ਵੀ ਪੁਤਰਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਹਰ ਪੱਖ ਤੋਂ ਲਾਇਕ ਜੇਠਾ ਜੀ (ਬੀਬੀ ਭਾਨੀ ਜੀ ਦੇ ਪਤੀ) ਨੂੰ ਚੌਥੇ ਰੂਪ ਵਿਚ ਗੁਰਤਾ-ਸਿੰਘਾਸਨ ਤੇ ਬਿਠਾ ਦਿਤਾ, ਕਿਉਂਕਿ ਨਿਰੰਕਾਰ ਦਾ ਹੁਕਮ ਹੀ ਇਵੇਂ ਸੀ।

ਅਮਰਦਾਸ ਰਾਮਦਾਸ ਕਹਾਯੋ ॥ ਸਾਧਨਿ ਲਖਾ ਮੂੜ੍ਹ ਨਹਿ ਪਾਯੋ ॥੯॥ [ਬਚਿਤ੍ਰ ਨਾਟਕ

ਏਹ ਚਾਰੇ ਉਪਰੋਕਤ ਲਿਖਤ ਵਿਚ ਆਈਆਂ ਗੁਰੂ ਜੋਤਾਂ ਬੇਦੀ, ਤ੍ਰੇਹਣ, ਭਲੇ ਅਤੇ ਸੋਢੀ ਵੱਖ ਵੱਖ ਘਰਾਣਿਆਂ ਦੇ ਚਾਨਣ-ਚੌਪ ਸਨ।

ਆਉ! ਹੁਣ ਸੋਢੀ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਅਦ ਦੇ ਸਮੇਂ ਇਸੇ ਗੁਰਿਆਈ



www.AKJ.Org

ਦੇ ਤਖਤ ਤੇ ਸੁਭਾਇਮਾਨ ਹੋਈਆਂ ਗੁਰੂ-ਜੋਤਾਂ ਦੇ ਪਵਿਤਰ ਇਤਿਹਾਸ ਚੋਂ ਜਾਣਕਾਰੀ ਪ੍ਰਾਪਤ ਕਰੀਏ।

ਗੁਰ ਇਤਿਹਾਸ ਨੂੰ ਗਹੁ ਨਾਲ ਵਿਚਾਰਨ ਦੁਆਰਾ ਪਤਾ ਚਲਦਾ ਹੈ ਕਿ ਅਕਾਲ ਪੁਰਖ ਨੇ ਜਦੋਂ ਅਤੇ ਜਿਸ ਘਰਾਣੇ ਵਿਚੋਂ ਜਿਸ ਆਤਮਾ ਨੂੰ ਸੰਸਾਰ ਦੇ ਕਲਿਆਣ ਲਈ ਭੇਜਿਆ ਉਹ ਉਸੇ ਸਮੇਂ ਪ੍ਰਗਟ ਹੋਈ। ਪਿਤਾ-ਪੁਰਖੀ ਰੀਤ ਨਹੀਂ ਚਲਦੀ ਰਹੀ। ਸੋਢੀ ਕੁੱਲ ਵਿਚ ਆਈਆਂ ਸਤਿਗੁਰੂ ਜੋਤਾਂ ਵੀ ਅਸਚਰਜ ਰੂਪ ਵਿਚ ਸਮੇਂ ਸਮੇਂ ਅਨੁਸਾਰ ਬਦਲਦੀਆਂ ਰਹੀਆਂ ਹਨ—"ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥ [ਵਾਰ੧,ਪਉੜੀ ੪੮

ਸ੍ਰੀ ਗੁਰੂ ਰਾਮਦਾਸ ਜੀ ਤੋਂ ਇਹ ਅਬਚਲੀ ਜੋਤਿ ਸਪੁੱਤਰ (ਗੁਰੂ) ਅਰਜਨ ਦੇਵ ਜੀ ਦੁਆਰਾ ਪੰਜਵੇਂ ਰੂਪ ਵਿਚ ਪ੍ਰਕਾਸ਼ਮਾਨ ਹੋਈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਬੀਰ ਸਪੁਤ੍ਰ ਹਰਿ ਗੋਬਿੰਦ ਜੀ ਨੂੰ ਆਪਣੀ ਥਾਂ ਬਿਰਾਜਮਾਨ ਕਰ ਕੇ ਚੰਵਰ ਤਖਤ ਦਾ ਮਾਲਕ ਬਣਾਇਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ—

ਪੰਜ ਪਿਆਲੇ ਪੰਜ ਪੀਰ ਛਟਮ ਪੀਰੁ ਬੈਠਾ ਗੁਰੁ ਭਾਰੀ॥
ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿ ਗੋਬਿੰਦ ਸਵਾਰੀ॥ [ਵਾਰ ੧, ਪਉੜੀ ੪੮

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ਇਹ ਜੋਤਿ ਤੇ ਜੁਗਤਿ ਪੋਤਰੇ 'ਹਰਿ ਰਾਏ' ਜੀ ਵਿਚ ਪ੍ਰਕਾਸ਼ਮਾਨ ਹੋਈ, ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਆਪਣੇ ੬ ਬੀਰ ਸਪੁਤਰ ਸਨ, ਪਰ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸੇ ਜੋਤਿ ਨੇ ਜਗਤ-ਨਿਸਤਾਰਾ ਕਰਨਾ ਸੀ। ਸਤਵੀਂ ਜੋਤਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਤੋਂ ਉਪਰੰਤ ਅੰਤਰਜਾਮੀ ਬਾਲਾ ਰੂਪ, ਸਾਹਿਬ ਸ੍ਰੀ ਹਰਿ ਕ੍ਰਿਸ਼ਨ ਜੀ (ਸਪੁਤਰ) ਇਸ ਗੁਰੂ ਜੋਤਿ ਦੇ ਉਤਰ-ਅਧਿਕਾਰੀ ਬਣ ਕੇ ਦਰਗਾਹੀ ਹੁਕਮ ਅਨੁਸਾਰ ਗੁਰਤਾ ਸਿੰਘਾਸਨ ਤੇ ਬਿਰਾਜਮਾਨ ਹੋਏ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਰੂਪ ਵਿਚ ਇਹ ਜੋਤਿ ਕੁੱਲ ਦੋ ਸਾਲ ਪੰਜ ਮਹੀਨੇ ਤੇ ਚੌਵੀ ਦਿਨ ਸੰਸਾਰ ਨੂੰ ਚਾਨਣ ਪ੍ਰਦਾਨ ਕਰਦੀ ਰਹੀ। ਉਪਰੰਤ ਇਹ ਜੋਤੀ ਬਾਬਾ ਤੇਗ ਬਹਾਦਰ (ਦਾਦਾ ਜੀ, ਬਾਬਾ ਗੁਰਦਿਤਾ ਦੇ ਛੋਟੇ ਭਰਾ) ਦੇ ਰੂਪ ਵਿਚ ਸਾਕਾਰ ਹੋ ਕੇ ਅੰਤ ਗੁਰੂ ਗੋਬਿੰਦ ਸਿੰਘ ਰੂਪ ਦੁਆਰਾ ਜ਼ੁਲਮ ਤੇ ਅਨਿਆਏ ਵਿਰੁਧ ਸੰਘਰਸ਼ ਕਰਦੀ ਹੋਈ ਜੁਗੋ ਜੁਗ ਅਟੱਲ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਭੇਦ ਹੋ ਗਈ।

ਅਕਾਲ ਪੁਰਖ ਨੇ ਅਸਚਰਜ ਕੌਤਕਾਂ ਦੁਆਰਾ ਜਿਵੇਂ ਜਿਸ ਦੀਪਕ ਤੋਂ ਦੀਪਕ ਪਰਕਾਸ਼ਮਾਨ ਕਰਨਾ ਸੀ, ਕੀਤਾ। ਇਸ ਤੇ ਗੁਰਸਿਖ ਨੂੰ ਯਕੀਨ ਕਰਨਾ ਬਣਦਾ ਹੈ। ਕਿੰਤੂ ਕਰਨਾ ਤਾਂ ਮਨਮੁਖ ਬਣਨਾ ਹੈ, ਕਿਉਂਕਿ ਗੁਰਸਿਖੀ ਜੀਵਨ ਦਾ ਆਸਰਾ ਯਕੀਨ ਹੈ। ਪੱਕਾ ਸਿਦਕ ਤੇ ਪੂਰਨ ਸ਼ਰਧਾ ਧਾਰਨ ਕਰਨ ਨਾਲ ਹੀ ਗੁਰਸਿੱਖ ਦਾ ਜੀਵਨ-ਬੇੜਾ ਸੰਸਾਰ-ਸਾਗਰ ਤੋਂ ਪਾਰ ਉਤਰਨਾ ਹੈ। ਉਰਦੂ ਦੇ ਇਕ ਸ਼ਾਇਰ ਦਾ ਕਥਨ ਹੈ—

ਯਕੀਂ ਕਾਮਲ, ਅਮਲ ਪੈਹਮ, ਮੁਹੱਬਤ ਫ਼ਾਤਹੇ ਆਲਮ,
ਜਹਾਦੇ ਜ਼ਿੰਦਗਾਨੀ ਮੇਂ ਯਿਹ ਹੈ ਮਰਦੋਂ ਕੀ ਸਮਸ਼ੀਰੇ।

ਭਾਵ—ਪੱਕਾ ਯਕੀਨ, ਅਮਲੀ ਜੀਵਨ ਤੇ ਪਿਆਰ ਦੀ ਵਰਤੋਂ ਸਫਲ ਜੀਵਨ-ਮਾਰਗ ਦੀ ਅਗਵਾਈ ਲਈ ਮਨੁਖ ਦੇ ਅੰਦਰ ਬਲ ਭਰਦੇ ਹਨ।

---


## ਪਾਰੋਵਾਲ(ਗੁਰਦਾਸਪੁਰ)ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਸ਼ਹੀਦਾਂ ਦੀ ਯਾਦ ਵਿਚ ਪਾਰੋਵਾਲ ਜ਼ਿਲਾ ਗੁਰਦਾਸਪੁਰ ਵਿਖੇ ੨੭ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਜ਼ਿਲਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਕੀਰਤਨੀ ਜਥੇ ਵੀ ਪੁਜ ਰਹੇ ਹਨ ਅਤੇ ਹੋਰ ਵੀ ਦੂਰ ਨੇੜਿਓਂ ਪੁਜ ਕੇ ਹਾਜ਼ਰੀਆਂ ਭਰਨਗੇ। ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ। ਬਟਾਲਾ ਭਾਈ ਗੋਪਾਲ ਸਿੰਘ ਜੀ ਮੁਰਗੀ ਮਹੱਲਾ ਤੋਂ ਅਤੇ ਸ੍ਰੀ ਅੰਮ੍ਰਿਤਸਰ ੨—ਅਜੀਤ ਨਗਰ ਤੋਂ ਟਰੱਕ ਚਲਣਗੇ, ਬਟਾਲਾ ਤੋਂ ਫਤਹਗੜ੍ਹ ਚੂੜੀਆਂ ਵਾਲੀ ਬਸ ਬਰਾਸਤਾ ਭਾਲੋਵਾਲੀ ਸ਼ਾਮ ੫—੩੦ ਚਲਦੀ ਹੈ।

ਦਰਸ਼ਨ ਅਭਿਲਾਖੀ ਦਾਸਰੇ—

ਅਵਤਾਰ ਸਿੰਘ ਸਰਬਜੀਤ ਸਿੰਘ, ਵਰਿੰਦਰ ਸਿੰਘ ਸਤਵੰਤ ਸਿੰਘ ਅਤੇ ਸੰਗਤ ਪਾਰੋਵਾਲ


www.AKJ.Org

# ਤਪੋਬਨ ਕੁਮਾਰਹੱਟੀ ਲਈ ਗੁਰਮੁਖ ਗ੍ਰੰਥੀ ਦੀ ਲੋੜ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਤਪ-ਅਸਥਾਨ ਕੁਮਾਰਹੱਟੀ ਲਈ ਗ੍ਰੰਥੀ ਦੀ ਲੋੜ ਹੈ। ਤਨਖਾਹ ਦੋ ਸੋ ਰੁਪਏ ਮਹੀਨੇ ਅਤੇ ਲੰਗਰ ਤੇ ਰਿਹਾਇਸ਼ ਫ਼ਰੀ ਹੋਵੇਗਾ। ਦਰਖਾਸਤਾਂ ਹੇਠ ਲਿਖੇ ਪਤਿਆਂ ਤੇ ਭੇਜੋ ਜੀ–

(੧) ਸ: ਬਲਬੀਰ ਸਿੰਘ ਜੀ, ੧੨੬-ਆਰ, ਮਾਡਲ ਟਾਊਨ, ਲੁਧਿਆਣਾ

(੨) ਭਾਈ ਸਾਹਿਬ ਆਤਮਾ ਸਿੰਘ ਜੀ ਅਕਾਲੀ, ਪੰਜੋਖਰਾ ਸਾਹਿਬ ਜ਼ਿਲਾ ਅੰਬਾਲਾ (ਹਰਿਆਣਾ)

---

**ਬੜੋਦਾ ਵਿਖੇ ਰੈਣ ਸਬਾਈ ਕੀਰਤਨ**– ਅਹਿਮਦਾਬਾਦ ਤੇ ਬੜੋਦਾ ਦੀ ਸਾਧ ਸੰਗਤ ਵਲੋਂ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸ਼ਵ ਦੀ ਖੁਸ਼ੀ ਵਿਚ ਏਅਰ ਫ਼ੋਰਸ ਗੁਰਦੁਆਰਾ ਮਕਰਪੁਰਾ ਬੜੋਦਾ ਵਿਖੇ ਰੈਣ ਸਬਾਈ ਕੀਰਤਨ ੧੦ ਜਨਵਰੀ ੧੯੯੧ ਦੀ ਸ਼ਾਮ ਨੂੰ ਰਖੇ ਗਏ ਹਨ। ਦੂਰ ਨੇੜੇ ਦੀਆਂ ਸਮੂਹ ਸੰਗਤਾਂ ਪਾਸ ਜੋਦੜੀ ਹੈ ਕਿ ਦਰਸ਼ਨ ਦੇ ਕੇ ਲਾਹੇ ਬਖਸ਼ੋ ਜੀ। ਜਨਵਰੀ ੧੦ ਸ਼ਾਮ ਨੂੰ ੮ ਵਜੇ ਬੜੋਦਾ ਰੇਲਵੇ ਸਟੇਸ਼ਨ ਤੋਂ ਏਅਰ ਫ਼ੋਰਸ ਵਾਸਤੇ ਟਰੱਕ ਚਲੇਗਾ ਜੀ। ਪੁਛ ਗਿਛ–ਭਾਟੀ ਹਰਦੇਵ ਸਿੰਘ, F/6 O.N.G.C ਕਾਲੋਨੀ, ਬੜੋਦਾ।

## ਪਿੰਡ ਐਮਾ (ਜਲੰਧਰ) ਵਿਖੇ ਅਖੰਡਪਾਠ, ਕੀਰਤਨ ਤੇ ਅੰਮ੍ਰਿਤ-ਸਿੰਚਾਰ

ਭਾਈ ਸੁਬੇਗ ਸਿੰਘ ਜੀ ਮੰਨਣ ਸੂਚਨਾ ਦਿੰਦੇ ਹਨ ਕਿ ਪਿੰਡ ਐਮਾ ਵਿਖੇ ੨੦ ਦਸੰਬਰ ੧੯੯੦ ਸ਼ਨੀਵਾਰ ਨੂੰ ਦੂਜੇ ਸ੍ਰੀ ਅਖਡ ਪਾਠ ਦੇ ਭੋਗ ਪੈਣੇ ਹਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਹੋਣੇ ਹਨ। ਲਾਹੇ ਦਿਓ ਤੇ ਲਓ ਜੀ। ਪਿੰਡ ਐਮਾ ਲਈ ਟਾਂਡਾ, ਭੋਗਪੁਰ, ਆਦਮਪੁਰ, ਕਰਤਾਰਪੁਰ, ਕਾਕੀ ਪਿੰਡ ਬਰਾਸਤਾ ਜਲੰਧਰ ਅੱਡਾ ਤੇ ਚੌਕ ਭਗਤ ਸਿੰਘ ਤੋਂ ਸ਼ਾਮ ਨੂੰ ਟਰਾਲੀਆਂ ਚਲਣਗੀਆਂ। ਕਾਲਾ ਬਕਰਾ ਤੋਂ ੬–੮ ਵਿਚ ਟਰਾਲੀ ਮਿਲੇਗੀ। ਜਲੰਧਰੋਂ ਆਖਰੀ ਬਸ ਸਾਢੇ ਛੇ ਵਜੇ ਸ਼ਾਮ ਨੂੰ ਬੂਲੇ ਅਤੇ ਮੁਸਤਾਪੁਰ ਬਰਾਸਤਾ ਕਾਲਾ ਬਕਰਾ ਮਿਲਦੀ ਹੈ। ਪੁਛ ਗਿਛ–ਭਾਈ ਗੁਰਬਖਸ਼ ਸਿੰਘ ਸਰਪੰਚ ਪਿੰਡ ਐਮਾ, ਡਾ:ਮੁਸਤਾਪੁਰ (ਜਲੰਧਰ)

## ਗੁ: ਪਾ: ੯ ਨੰਦਪੁਰ ਕਲੌੜ ਵਿਖੇ ਅਖੰਡਪਾਠ, ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ

ਨੰਦਪੁਰ ਕਲੌੜ ਗੁਰਦਵਾਰਾ ਪਾਤਸ਼ਾਹੀ ਨੌਵੀਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਦੀ ਯਾਦ ਵਿਚ ਕੀਰਤਨ ਪ੍ਰੋਗਰਾਮ ਹੋ ਰਹੇ ਹਨ। ੯ ਤੋਂ ੧੧ ਦਸੰਬਰ ਤਕ ਸੰਤ ਜਵਾਲਾ ਸਿੰਘ ਜੀ ਨਮਿਤ ਸ੍ਰੀ ਅਖੰਡਪਾਠ ਤੇ ਕੀਰਤਨ ਹੋਣਗੇ। ੧੧ ਤੋਂ ੧੩ ਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਮਿਤ ਸ੍ਰੀ ਅਖੰਡਪਾਠ ਤੇ ਦੁਪਹਿਰ ਤਕ ਕੀਰਤਨ ਹੋਣਗੇ। ੧੩ ਨੂੰ ਦਿਨੇ ਅੰਮ੍ਰਿਤ-ਸਿੰਚਾਰ ਤੇ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ। ਨੰਦਪੁਰ ਕਲੌੜ ਲਈ ਬਸੀ ਪਠਾਣਾਂ ਅਤੇ ਰੋਪੜ ਤੋਂ ੪–੪੫ ਸ਼ਾਮ ਤਕ ਬਸਾਂ ਮਿਲਦੀਆਂ ਹਨ। ਪੁਛਗਿਛ–ਸੰਤ ਕਿਰਪਾਲ ਸਿੰਘ ਜੀ, ਨੰਦਪੁਰ ਕਲੌੜ

## ਰਾਪੁਰ ਬਲਾਂ (ਜਲੰਧਰ) ਵਿਖੇ ਕੀਰਤਨ ਰੈਣ ਸਬਾਈ

ਭਾਈ ਮਹਿੰਦਰ ਸਿੰਘ ਜੀ ਖਾਲਸਾ ਦੇ ਗ੍ਰਿਹ ਵਿਖੇ ੬ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਹਾਜ਼ਰੀਆਂ ਭਰੋ ਜੀ। ਪਿੰਡ ਰਾਪੁਰ ਬਲਾਂ, ਜਲੰਧਰ ਤੋਂ ਪਠਾਨਕੋਟ ਰੋਡ ਤੇ ਟਾਂਡੇ ਦੇ ਨੇੜੇ ਹੈ।

---

**ਸੰਗਤਾਂ ਨੋਟ ਕਰਨ**– (੧) ਭਾਈ ਤੇਜਿੰਦਰ ਸਿੰਘ ਜੀ ਦੂਲਾ ਅਤੇ ਭਾਈ ਜਸਪਾਲ ਸਿੰਘ ਜੀ ਚਾਨੀ (ਨੌਜਵਾਨ ਕੀਰਤਨੀਏ) ਅਜ ਕਲ੍ਹ ਯੂ. ਕੇ. ਹੇਠ ਲਿਖੇ ਪਤੇ ਤੇ ਪੁਜੇ ਹੋਏ ਹਨ—

C/o S. Gurnam Singh, 10-Lambourne Gardens, Reading, Berks, England Tel. 0734--67900

(੨) ਗਿ: ਗੋਪਾਲ ਸਿੰਘ ਜੀ ਮਿਤਰ ਸਰਕਾਰੀ ਨੌਕਰੀ ਤੋਂ ਰੀਟਾਇਰ ਹੋ ਕੇ ਪਿੰਡ ਮਾਲਬ ਜ਼ਿਲਾ ਗੁੜਗਾਉਂ (ਹਰਿਆਣਾ) ਵਿਖੇ ਨਿਵਾਸ ਰਖਦੇ ਹਨ। ਗੁਰਮਤਿ ਪ੍ਰਚਾਰ ਲਈ ਉਨ੍ਹਾਂ ਦੀ ਸੇਵਾ ਉਪਰੋਕਤ ਪਤੇ ਤੋਂ ਪ੍ਰਾਪਤ ਕਰੋ।

www.AKJ.Org

# 'ਸੂਰਾ' ਮਾਸਕ ਪੱਤਰ ਦੇ ਆਮਦਨ-ਖਰਚ ਦਾ ਚਿੱਠਾ

## ਸਾਲ ੧੯੭੩-੭੪ ਤੋਂ ੧੯੭੯-੮੦

ਸੂਰਾ ਮਾਸਕ ਪੱਤਰ ਸਾਲ ੧੯੬੬ ਵਿਚ ਮੁਢਲੇ ਤੌਰ ਤੇ ਅਖੰਡ ਕੀਰਤਨੀ ਜਥੇ ਵਲੋਂ ਅੰਮ੍ਰਿਤਸਰ ਤੋਂ ਛਪਿਆ ਤੇ ਚਾਲੂ ਕੀਤਾ ਗਿਆ। ਇਸ ਮਗਰੋਂ ਪਟਿਆਲਾ ਤੋਂ ਕਾਫ਼ੀ ਸਾਲ ਛਪਦਾ ਰਿਹਾ। ਫਿਰ ਦੋ ਸਾਲ ਜਲੰਧਰ ਵਿਚ ਚਾਲੂ ਰਿਹਾ ਤੇ ਦੁਬਾਰਾ ਸਾਲ ੧੯੭੩ ਤੋਂ ਇਸ ਦੇ ਪਰਬੰਧ ਦੀ ਸੇਵਾ ਸ੍ਰੀ ਅੰਮ੍ਰਿਤਸਰ ਦੇ ਜਥੇ ਦੇ ਸਿੰਘਾਂ ਪਾਸ ਆ ਗਈ। ਉਦੋਂ ਤੋਂ ਇਹ ਪਰਚਾ ਇਥੋਂ ਨਿਕਲ ਰਿਹਾ ਹੈ। ਹਿਸਾਬ ਕਿਤਾਬ ਦਾ ਸਾਲ ਅਪਰੈਲ ਤੋਂ ਮਾਰਚ ਚਲਦਾ ਹੈ।

ਅਸਲ ਵਿਚ ਇਸ ਪੱਤਰ ਦਾ ਹਿਸਾਬ ਕਿਤਾਬ ਪਹਿਲਾਂ ਬਹੁਤ ਛੋਟੇ ਅਕਾਰ ਦਾ ਹੋਣ ਕਰਕੇ ਸਧਾਰਨ ਕੈਸ਼ ਬੁਕ ਵਿਚ ਹੀ ਰਖਿਆ ਹੋਇਆ ਸੀ ਤੇ ਉਸੇ ਅਨਸਾਰ ਅਗਲੇਰੇ ਸਾਲਾਂ ਵਿਚ ਵੀ ਇਸੇ ਤਰ੍ਹਾਂ ਚਲਦਾ ਰਿਹਾ, ਜਿਸ ਦਾ ਵੇਰਵਾ ਖਰਚ ਦੀਆਂ ਮਦਾਂ ਅਨਸਾਰ ਨਹੀਂ ਰਖਿਆ ਹੋਇਆ ਸੀ ਤੇ ਨਾ ਹੀ ਵਪਾਰਕ ਹਿਸਾਬ ਕਿਤਾਬ ਦੀਆਂ ਲੀਹਾਂ ਤੇ ਸੀ, ਜਿਸ ਤੋਂ ਵੇਰਵੇ ਅਨਸਾਰ ਹਰ ਸਾਲ ਦੇ ਆਮਦਨ ਖਰਚ ਦਾ ਪਤਾ ਨਹੀਂ ਲਗਦਾ ਸੀ।

ਇਸ ਲਈ ਇਨ੍ਹਾਂ ਸਭ ਸਾਲਾਂ ਦੇ ਆਮਦਨ ਖਰਚ ਦੇ ਵੇਰਵੇ ਨੂੰ ਵਖ ਵਖ ਮਦਾਂ ਅਨੁਸਾਰ ਲੈਜਰ ਵਿਚ ਤਿਆਰ ਕਰਵਾਇਆ ਗਿਆ ਤੇ ਆਡਿਟ ਕਰਨ ਮਗਰੋਂ ਹਰ ਸਾਲ ਦੇ ਵਖ ਵਖ Profit and Loss a/c (ਲਾਭ ਤੇ ਹਾਣ ਅਕਾਊਂਟ) ਅਤੇ Balance Sheet (ਬੈਲੈਂਸ ਸ਼ੀਟ) ਤਿਆਰ ਕਰਵਾਏ ਗਏ।

ਇਸ ਦੀ ਆਮਦਨ ਮੁਖ ਤੌਰ ਤੇ ਮਾਹਵਾਰੀ ਚੰਦੇ ਤੇ ਸੰਗਤਾਂ ਵਲੋਂ ਸਹਾਇਤਾ ਦੇ ਰੂਪ ਵਿਚ ਹੈ, ਜਿਸ ਨੂੰ ਕਿ ਮੁਢਲੇ ਸਾਲਾਂ ਵਿਚ ਕਰਨਲ ਦਲਜੀਤ ਸਿੰਘ ਜੀ ਜਲੰਧਰ ਵਾਲਿਆਂ ਸੰਭਾਲਿਆ ਹੋਇਆ ਸੀ ਅਤੇ ਜਿਸ ਵਿਚੋਂ ਖ਼ਰਚ ਕੀਤਾ ਜਾਂਦਾ। ਸ੍ਰੀ ਅੰਮ੍ਰਿਤਸਰ ਵਿਚ ਆਣ ਤੇ ਇਸ ਦਾ ਹਿਸਾਬ ਪੰਜਾਬ ਐਂਡ ਸਿੰਧ ਬੈਂਕ ਵਿਚ ਚਾਲੂ ਕੀਤਾ ਗਿਆ। ਇਸ ਵਿਚੋਂ ਪੈਸੇ ਕਢਵਾਣ ਲਈ ਮੈਨੇਜਰ ਅਤੇ ਖਜ਼ਾਨਚੀ ਦੇ ਸਾਂਝੇ ਤੌਰ ਤੇ ਅਸਕਾਰਤ ਹਨ।

ਪਹਿਲੇ ਸਾਲ ਅਥਵਾ ੧੯੭੩-੭੪, ਜਦੋਂ ਤੋਂ ਇਸ ਦਾ ਪਰਬੰਧ ਸ੍ਰੀ ਅੰਮ੍ਰਿਤਸਰ ਆਇਆ, ਉਦੋਂ ਇਸ ਦੀ ਰਾਸ਼ੀ ੧੬੨੯-੭੫ ਰੁਪਏ ਜਲੰਧਰ ਤੋਂ ਮਿਲੀ। ਓਦੋਂ ਇਸ ਪਰਚੇ ਦੀ ਗਿਣਤੀ ੯੫੦ ਸੀ, ਜਦ ਕਿ ਸਾਲ ੧੯੭੯-੮੦ ਵਿਚ ਇਸ ਦੀ ਰਾਸ਼ੀ ੨੩੧੮੩ ਰੁਪਏ ਹੋ ਗਈ ਅਤੇ ਪਰਚੇ ਦੀ ਗਿਣਤੀ ੩੨੦੦ ਤਕ ਪੁਜ ਗਈ।

ਇਹ ਵਰਨਣ ਯੋਗ ਹੈ ਕਿ ਸਾਲ ੧੯੭੫-੭੬ ਵਿਚ ਲਾਈਫ਼ ਮੈਂਬਰਜ਼ ਲਈ ਫ਼ਿਕਸ ਡੀਪਾਜ਼ਟ ੧੦੦/- ਦੀ ਸਕੀਮ ਚਾਲੂ ਕੀਤੀ ਗਈ, ਜਿਸ ਅਨੁਸਾਰ ਇਹ ਰਕਮ ਮੈਂਬਰਾਂ ਦੀ ਅਮਾਨਤ ਦੇ ਰੂਪ ਵਿਚ ਬੈਂਕ ਵਿਚ ਜਮ੍ਹਾ ਕਰਵਾ ਦਿਤੀ ਜਾਂਦੀ ਹੈ, ਜਿਸ ਦੇ ਬੈਂਕ ਦੇ ਸੂਦ ਦੀ ਆਮਦਨ ਤੇ ਹਰ ਮਹੀਨੇ ਪਰਚਾ ਭੇਜਿਆ ਜਾਂਦਾ ਹੈ। ਇਸ ਸਕੀਮ ਅਨੁਸਾਰ ਸੂਰਾ ਮਾਸਕ ਪੱਤਰ ਦੇ ਨਾਂ ੭੬੬੫੨ ਰੁਪਏ ੩੧.੩.੮੦ ਨੂੰ ਬੈਂਕ ਵਿਚ ਜਮ੍ਹਾਂ ਹਨ, ਪਰੰਤੂ ਇਹ ਰਾਸ਼ੀ ਵਿਚ ਸ਼ਾਮਲ ਨਹੀਂ, ਕਿਉਂਕਿ ਇਹ ਰਕਮ ਅਸਲ ਵਿਚ ਮੈਂਬਰਾਂ ਦੀ ਅਮਾਨਤ ਹੈ, 'ਸੂਰਾ' ਦੀ ਨਹੀਂ ਹੈ। ਇਸ ਦਾ ਵੇਰਵਾ ਵਖਰੇ ਤੌਰ ਤੇ ਰਖਿਆ ਹੋਇਆ ਹੈ। ਇਹ ਪੰਜਾਬ ਐਂਡ ਸਿੰਧ ਬੈਂਕ ਵਿਚ ਸੁਰੱਖਿਅਤ ਹੈ।

ਸੂਰਾ ਮਾਸਕ ਪੱਤਰ ਤੋਂ ਬਿਨਾਂ ਸਾਲ ੧੯੭੫-੭੬ ਤੋਂ ਛੋਟੇ ਛੋਟੇ ਟਰੈਕਟ ਵੀ ਤਿਆਰ ਕਰਵਾਣੇ ਅਰੰਭ ਕੀਤੇ ਗਏ, ਜਿਸ ਦੀ ਸੇਲ ਲਾਗਤ ਮਾਤਰ ਤੇ ਪਰਚਾਰ ਹਿਤ ਕੀਤੀ ਜਾਂਦੀ ਹੈ। ਇਸ ਦਾ ਸਾਲ ੧੯੭੯-੮੦ ਦੇ ਆਖ਼ਰ ਵਿਚ ਹਥਲਾ ਸਟਾਲ ੬੬੧੩ ਰੁਪਏ ਦਾ ਸੀ। ਇਸੇ ਪਰਕਾਰ ਕਾਗਜ਼ ਦਾ



www.AKJ.Org

ਸਟਾਕ ੨੯੦੪ ਰੁਪਏ ਦਾ ਸੀ। ਇਸੇ ਤਰ੍ਹਾਂ ਬੈਂਕ ਵਿਚ ੧੮੨੧੬ ਰੁਪਏ ਪਏ ਹਨ ਜਦ ਕਿ ਹਥਲਾ ਕੈਸ਼ ੭੫੬ ਰੁਪਏ ਹਨ।

ਸਾਲ ੧੯੭੩-੭੪ ਤੋਂ ੧੯੭੯-੮੦ ਦੇ ਸਾਲਾਂ ਦੇ ਆਮਦਨ ਖਰਚ ਦਾ ਵੇਰਵਾ ਹੇਠ ਲਿਖੇ ਅਨੁਸਾਰ ਸੰਗਤਾਂ ਦੀ ਗਿਆਤ ਲਈ ਇਸ ਰਿਪੋਰਟ ਸਮੇਤ ਪ੍ਰਕਾਸ਼ਤ ਕੀਤਾ ਜਾਂਦਾ ਹੈ।

ਬਲਵੰਤ ਸਿੰਘ P.S.A.S. ਆਡੀਟਰ

# ਚਿੱਠਾ ਹਿਸਾਬ ਕਿਤਾਬ–ਸੂਰਾ ਮਾਸਕ ਪੱਤਰ, ਅੰਮ੍ਰਿਤਸਰ

## Profit and Loss Account ਲਾਭ ਤੇ ਹਾਣ ੧੯੭੩-੭੪

| | | | | |
|---|---|---|---|---|
| ਕਾਗਜ਼ | | | ਆਮਦਨ | |
| ਖਰੀਦ | ੨੭੨੩-੨੧ | | ਚੰਦੇ ਆਦਿ | ੮੯੬੦-੪੯ |
| ,, | ੭੦੩-੯੨ | | ਸਹਾਇਤਾ | ੨੨੦੮-੨੪ |
| | ੩੪੨੭-੧੩ | | ਟ੍ਰੈਕਟ ਵਿਕਰੀ | ੧੯੫-੩੦ |
| ਬਕਾਇਆ | ੫੯-੦੦ | | ਬੈਂਕ ਸੂਦ | ੫੭-੬੧ |
| ਲਾਗਤ ਕਾਗਜ਼ | | ੩੩੬੮-੧੩ | | |
| ਛਪਾਈ, ਬਾਈਡਿੰਗ ਸੂਰਾ | | ੩੭੭੧-੦੧ | | |
| ਡਾਕ ਖਰਚ | | ੧੩੭੪-੩੫ | | |
| ਤਨਖਾਹ | | ੨੭੫-੦੦ | | |
| ਫੁਟਕਲ ਸਟੇਸ਼ਨਰੀ ਆਦਿ | | ੧੧੦-੪੬ | | |
| ਬਲਾਕ | | ੬੩-੦੦ | | |
| | | ੮੯੬੧-੯੫ | | |
| ਖਰਚ ਤੋਂ ਆਮਦਨ ਦਾ ਵਾਧਾ | | ੨੪੫੯-੬੯ | | |
| ਜੋੜ | | ੧੧੪੨੧-੬੪ | ਜੋੜ | ੧੧੪੨੧-੬੪ |

## ਬੈਲੈਂਸ ਸ਼ੀਟ ੧੯੭੩-੭੪

| Liabilities | | Assets | |
|---|---|---|---|
| ਸਰਮਾਇਆ | | ਨਿਜੀ ਖਾਤੇ ਲੈਣੇ | ੮੦-੫੦ |
| ਜਲੰਧਰ ਤੋਂ ਮਿਲਿਆ | ੧੬੨੯-੭੫ | ਕਾਗਜ਼ ਬਕਾਇਆ | ੫੯-੦੦ |
| ਇਸ ਸਾਲ ਵਾਧਾ | ੨੪੫੯-੬੯ | ਪੰਜਾਬ ਐਂਡ ਸਿੰਧ ਬੈਂਕ | ੩੬੫੩-੪੪ |
| | | ਹੱਥ ਰੋਕੜ | ੨੯੬-੫੦ |
| ਜੋੜ | ੪੦੮੯-੪੪ | ਜੋੜ | ੪੦੮੯-੪੪ |

| | | | |
|---|---|---|---|
| ਗੁਰਬਚਨ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
| ਦਸਖਤ ਕੈਸ਼ੀਅਰ/ਅਕਾਊਂਟੈਂਟ | ਮੈਨੇਜਰ | ਆਡੀਟਰ | ਜਥੇਦਾਰ |



www.AKJ.Org

# ਚਿੱਠਾ ਹਿਸਾਬ ਕਿਤਾਬ ਸੂਰਾ ਮਾਸਕ ਪੱਤਰ, ਅੰਮ੍ਰਿਤਸਰ

## ਲਾਭ ਤੇ ਹਾਣ ੧੯੭੪-੭੫

| | | | | |
|---|---|---|---|---|
| ਕਾਗਜ਼ | | | ਆਮਦਨ | |
| ਪਿਛਲਾ ਬਾਕੀ | ੫੯-੦੦ | | ਚੰਦੇ ਆਦਿ | ੧੨੦੦੯-੮੦ |
| ਖਰੀਦ | ੬੨੯੨-੭੦ | | ਸਹਾਇਤਾ | ੫੪੭੨-੭੭ |
| " | ੨੦੩੨-੫੭ | | ਬੈਂਕ ਸੂਦ | ੨੮੧-੬੦ |
| | ੮੩੮੪-੨੭ | | | |
| ਬਕਾਇਆ | ੨੪੨੨-੩੬ | | | |
| ਲਾਗਤ ਕਾਗਜ਼ | | ੫੯੬੧-੯੧ | | |
| ਛਪਾਈ, ਬਾਈਡਿੰਗ ਸੂਰਾ | | ੪੫੫੬-੩੯ | | |
| ਡਾਕ ਖਰਚ | | ੧੪੬੪-੪੫ | | |
| ਤਨਖਾਹ | | ੭੮੩-੨੦ | | |
| ਫੁਟਕਲ ਸਟੇਸ਼ਨਰੀ ਆਦਿ | | ੨੦੫-੪੦ | | |
| ਟ੍ਰੈਕਟ ਯੂ. ਕੇ. ਭੇਜੇ | | ੯੪-੮੫ | | |
| | | ੧੩੦੬੬-੨੦ | | |
| ਖਰਚ ਤੋਂ ਆਮਦਨ ਦਾ ਵਾਧਾ | | ੪੬੯੭-੯੭ | | |
| | ਜੋੜ | ੧੭੭੬੪-੧੭ | ਜੋੜ | ੧੭੭੬੪-੧੭ |

## ਬੈਲੈਂਸ ਸ਼ੀਟ ੧੯੭੪-੭੫

| Labilities | | Assets | |
|---|---|---|---|
| ਸਰਮਾਇਆ | | ਨਿਜੀ ਖਾਤੇ-ਲੈਣੇ | ੫੯੩-੫੦ |
| ਪਿਛਲੀ ਬਾਕੀ | ੪੦੮੯-੪੪ | ਕਾਗਜ਼ ਬਕਾਇਆ | ੨੪੨੨-੩੬ |
| ਇਸ ਸਾਲ ਦਾ ਵਾਧਾ | ੪੬੯੭-੯੭ | ਪੰਜਾਬ ਸਿੰਧ ਬੈਂਕ | ੫੩੨੯-੪੦ |
| | | ਹੱਥ ਰੋਕੜ | ੪੪੨-੧੫ |
| ਜੋੜ | ੮੭੮੭-੪੧ | ਜੋੜ | ੮੭੮੭-੪੧ |

| | | | |
|---|---|---|---|
| ਗੁਰਬਚਨ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
| ਦਸਖਤ ਕੈਸ਼ੀਅਰ/ਅਕਾਊਂਟੈਂਟ | ਮੈਨੇਜਰ | ਆਡੀਟਰ | ਜਥੇਦਾਰ |



www.AKJ.org
www.AKJ.Org

# ਚਿੱਠਾ ਹਿਸਾਬ ਕਿਤਾਬ ਸੂਰਾ ਮਾਸਕ ਪੱਤਰ, ਅੰਮ੍ਰਿਤਸਰ

## ਲਾਭ ਤੇ ਹਾਣ ੧੯੭੫–੭੬

| | | | | |
|---|---|---|---|---|
| ਕਾਗਜ਼ | | | ਆਮਦਨ | |
| ਪਿਛਲਾ ਬਾਕੀ | ੨੪੨੨–੩੬ | | ਚੰਦੇ ਆਦਿ | ੧੭੨੮੩–੨੩ |
| ਖਰੀਦ | ੭੧੦੦–੨੨ | | ਸਹਾਇਤਾ | ੩੦੯੦–੧੯ |
| ,, | ੧੪੦੨–੧੪ | | ਵਿਕਰੀ ਟ੍ਰੈਕਟ | ੧੨੫੭–੬੦ |
| | ੧੦੯੨੪–੭੨ | | ਬੈਂਕ ਸੂਦ | ੨੮੨–੫੨ |
| ਬਕਾਇਆ | ੧੫੭੭–੦੦ | | ਸਟਾਕ ਬਾਕੀ (ਟ੍ਰੈਕਟ) | ੧੨੨੭–੩੦ |
| ਲਾਗਤ(ਕਾਗਜ਼ ਸੂਰਾ ਤੇ ਟ੍ਰੈਕਟ) | | ੯੩੪੭–੭੨ | | |
| ਛਪਾਈ, ਬਾਈਡਿੰਗ ਸੂਰਾ | | ੫੩੨੦–੫੫ | | |
| ਡਾਕ ਖਰਚ | | ੩੫੮੨–੯੧ | | |
| ਤਨਖ਼ਾਹ | | ੩੦੪੦–੦੦ | | |
| ਫੁਟਕਲ ਸਟੇਸ਼ਨਰੀ ਆਦਿ | | ੬੩੨–੦੧ | | |
| ਫ਼ਰਨੀਚਰ | | ੧੦੬–੭੫ | | |
| ਛਪਾਈ ਬਾਈਡਿੰਗ ਟ੍ਰੈਕਟ | | ੭੭੫–੮੦ | | |
| | | ੨੨੮੦੫–੭੪ | | |
| ਖਰਚ ਤੋਂ ਆਮਦਨ ਦਾ ਵਾਧਾ | | ੩੩੫–੧੦ | | |
| ਜੋੜ | | ੨੩੧੪੦–੮੪ | ਜੋੜ | ੨੩੧੪੦–੮੪ |

## ਬੈਲੇਂਸ ਸ਼ੀਟ ੧੯੭੫–੭੬

| Labilities | | | Assets | |
|---|---|---|---|---|
| ਸਰਮਾਇਆ | | | ਬਕਾਇਆ ਸਟਾਕ (ਟਰੈਕਟ) | ੧੨੨੭–੩੦ |
| ਪਿਛਲੀ ਬਾਕੀ | ੮੭੮੭–੪੧ | | ਬਕਾਇਆ ਕਾਗਜ਼ | ੧੫੭੭–੦੦ |
| ਸਾਲ ਦਾ ਵਾਧਾ | ੩੩੫–੧੦ | ੯੧੨੨–੫੧ | ਨਿਜੀ ਖਾਤੇ—ਲੈਣੇ | ੪੫੪–੩੦ |
| ਅਮਾਨਤੀ ਲਾਈਫ਼ ਮੈਂਬਰ | | | ਅਮਾਨਤੀ ਲਾ: ਮੈਂਬਰ | |
| ਆਈਆਂ ਰਕਮਾਂ | | ੧੦੬੪੯–੭੦ | ਐਫ਼ ਡੀਆਂ ਬਣੀਆਂ | ੧੦੯੦੦–੦੦ |
| ਅਮਾਨਤ | | ੮੮–੦੦ | ਪੰਜਾਬ ਸਿੰਧ ਬੈਂਕ | ੫੪੨੮–੩੧ |
| | | | ਹੱਥ ਰੋਕੜ | ੨੭੩–੩੦ |
| ਜੋੜ | | ੧੯੮੬੦–੨੧ | ਜੋੜ | ੧੯੮੬੦–੨੧ |

| | | | |
|---|---|---|---|
| ਗੁਰਬਚਨ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
| ਦਸਖ਼ਤ ਕੈਸ਼ੀਅਰ/ਅਕਾਊਂਟੈਂਟ | ਮੈਨੇਜਰ | ਆਡੀਟਰ | ਜਥੇਦਾਰ |



www.AKJ.Org

# ਚਿੱਠਾ ਹਿਸਾਬ ਕਿਤਾਬ ਸੂਰਾ ਮਾਸਕ ਪੱਤਰ, ਅੰਮ੍ਰਿਤਸਰ

## ਲਾਭ ਤੇ ਹਾਣ ੧੯੭੬-੭੭

| | | | | |
|---|---|---|---|---|
| ਕਾਗਜ਼ | | | ਆਮਦਨ | |
| ਪਿਛਲਾ ਬਾਕੀ | ੧੫੭੭-੦੦ | | ਚੰਦੇ ਆਦਿ | ੨੦੦੩੬-੯੬ |
| ਖ਼ਰੀਦ | ੭੩੨੬-੭੦ | | ਸਹਾਇਤਾ | ੪੯੫੯-੪੦ |
| ,, | ੩੬੮੨-੨੭ | | ਵਿਕਰੀ ਟ੍ਰੈਕਟ | ੫੯੨੫-੮੦ |
| | ੧੨੫੮੫-੯੭ | | ਬੈਂਕ ਸੂਦ | ੨੧੭-੩੭ |
| ਬਕਾਇਆ | ੬੩੮-੦੦ | | ਸਟਾਕ ਬਾਕੀ (ਟ੍ਰੈਕਟ) | ੨੯੬੦-੫੦ |
| ਲਾਗਤ (ਕਾਗਜ਼ ਸੂਰਾ ਤੇ ਟ੍ਰੈਕਟ) | | ੧੧੯੪੭-੯੭ | | |
| ਛਪਾਈ, ਬਾਈਡਿੰਗ ਸੂਰਾ | | ੬੦੦੪-੭੦ | | |
| ਡਾਕ ਖਰਚ | | ੪੫੧੯-੩੭ | | |
| ਤਨਖਾਹ | | ੩੬੦੦-੦੦ | | |
| ਛਪਾਈ, ਬਾਈਡਿੰਗ ਟ੍ਰੈਕਟ | | ੨੮੩੪-੭੨ | | |
| ਫੁਟਕਲ ਸਟੇਸ਼ਨਰੀ ਆਦਿ | | ੪੪੮-੪੫ | | |
| ਪਿਛਲਾ ਸਟਾਕ (ਟ੍ਰੈਕਟ) | | ੧੨੨੭-੩੦ | | |
| | | ੩੦੫੮੨-੫੧ | | |
| ਖਰਚ ਤੋਂ ਆਮਦਨ ਦਾ ਵਾਧਾ | | ੩੫੧੭-੫੨ | | |
| ਜੋੜ | | ੩੪੧੦੦-੦੩ | ਜੋੜ | ੩੪੧੦੦-੦੩ |

## ਬੈਲੈਂਸ ਸ਼ੀਟ ੧੯੭੬-੭੭

| Labilities | | | Assets | |
|---|---|---|---|---|
| ਸਰਮਾਇਆ | | | ਬਕਾਇਆ ਸਟਾਕ (ਟ੍ਰੈਕਟ) | ੨੯੬੦-੫੦ |
| ਪਿਛਲੀ ਬਾਕੀ | ੯੧੨੨-੫੧ | | ਬਕਾਇਆ ਕਾਗਜ਼ | ੬੩੮-੦੦ |
| ਸਾਲ ਦਾ ਵਾਧਾ | ੩੫੧੭-੫੨ | ੧੨੬੪੦-੦੩ | ਅਮਾਨਤੀ ਲਾ: ਮੈਂਬਰ | |
| ਅਮਾਨਤੀ ਲਾਈਫ ਮੈਂਬਰ | | | ਐਫ ਡੀਆਂ ਬਣੀਆਂ | ੨੭੩੫੦-੦੦ |
| ,, ਆਈਆਂ ਰਕਮਾਂ | | ੨੭੩੫੨-੭੦ | ਪੰਜਾਬ ਸਿੰਧ ਬੈਂਕ | ੮੬੬੧-੬੨ |
| ਨਿਜੀ ਖਾਤੇ-ਦੇਣੇ | | ੯੨੯-੯੪ | ਹੱਥ ਰੋਕੜ | ੧੩੧੭-੫੫ |
| ਅਮਾਨਤ | | ੫-੦੦ | | |
| ਜੋੜ | | ੪੦੯੨੭-੬੭ | ਜੋੜ | ੪੦੯੨੭-੬੭ |

| ਗੁਰਬਚਨ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
|---|---|---|---|
| ਦਸਖਤ ਕੈਸ਼ੀਅਰ/ਅਕਾਊਂਟੈਂਟ | ਮੈਨੇਜਰ | ਆਡੀਟਰ | ਜਥੇਦਾਰ |

**ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ ਕੀਰਤਨ**

ਗੁਰਦਵਾਰਾ ਰਾਮਸਰ ਦੇ ਸਾਹਮਣੇ ੧੩ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ।

www.AKJ.Org

# ਚਿੱਠਾ ਹਿਸਾਬ ਕਿਤਾਬ ਸੂਰਾ ਮਾਸਕ ਪੱਤਰ, ਅੰਮ੍ਰਿਤਸਰ

## ਲਾਭ ਤੇ ਹਾਣ ੧੯੭੭-੭੮

| | | | | |
|---|---|---|---|---|
| ਕਾਗਜ਼ | | | ਆਮਦਨ | |
| ਪਿਛਲਾ ਬਾਕੀ | ੬੩੮-੦੦ | | ਚੰਦੇ ਆਦਿ | ੨੩੮੦੩-੫੦ |
| ਖ਼ਰੀਦ | ੧੩੫੮੩-੮੬ | | ਸਹਾਇਤਾ | ੩੩੯੪-੪੫ |
| ,, | ੪੨੫੫-੨੫ | | ਵਿਕਰੀ ਟ੍ਰੈਕਟ | ੧੨੨੫੯-੯੫ |
| | ੧੮੪੭੭-੧੧ | | ਬੈਂਕ ਸੂਦ | ੩੬੨-੪੪ |
| ਬਕਾਇਆ | ੨੩੮੯-੬੦ | | ਸਟਾਕ ਬਾਕੀ (ਟ੍ਰੈਕਟ) | ੨੭੨੦-੧੫ |
| ਲਾਗਤ(ਕਾਗਜ਼ ਸੂਰਾ ਤੇ ਟ੍ਰੈਕਟ) | | ੧੬੦੮੭-੫੧ | | |
| ਛਪਾਈ ਤੇ ਬਾਈਡਿੰਗ ਸੂਰਾ | | ੬੨੧੫-੨੦ | | |
| ,, ,, ਟ੍ਰੈਕਟ | | ੩੬੨੦-੮੦ | | |
| ਡਾਕ ਖਰਚ | | ੫੮੪੧-੫੦ | | |
| ਤਨਖ਼ਾਹ | | ੩੬੦੦-੦੦ | | |
| ਫੁਟਕਲ ਸਟੇਸ਼ਨਰੀ ਆਦਿ | | ੬੬੭-੭੧ | | |
| ਪਿਛਲਾ ਸਟਾਕ (ਟ੍ਰੈਕਟ) | | ੨੯੬੦-੫੦ | | |
| | | ੩੮੯੯੩-੨੨ | | |
| ਖਰਚ ਤੋਂ ਆਮਦਨ ਦਾ ਵਾਧਾ | | ੩੫੪੭-੨੭ | | |
| ਜੋੜ | | ੪੨੫੪੦-੪੯ | ਜੋੜ | ੪੨੫੪੦-੪੯ |

## ਬੈਲੈਂਸ ਸ਼ੀਟ ੧੯੭੭-੭੮

| Labilities | | | Assets | | |
|---|---|---|---|---|---|
| ਸਰਮਾਇਆ | | | ਬ੍ਰਕਾਇਆ ਸਟਾਕ (ਟ੍ਰੈਕਟ) | | ੨੭੨੦-੧੫ |
| ਪਿਛਲੀ ਬਾਕੀ | ੧੨੬੪੦-੦੩ | | ਬਕਾਇਆ ਕਾਗਜ਼ | | ੨੩੮੯-੬੦ |
| ਸਾਲ ਦਾ ਵਾਧਾ | ੩੫੪੭-੨੭ | ੧੬੧੮੭-੩੦ | ਅਮਾਨਤੀ ਲਾਈਫ ਮੈਂਬਰ | | |
| ਅਮਾਨਤੀ ਲਾਈਫ਼ ਮੈਂਬਰ | | | ਐਫ ਡੀਆਂ ਬਣੀਆਂ | | ੪੩੫੫੦-੦੦ |
| ਆਈਆਂ ਰਕਮਾਂ | | ੪੩੩੯੦-੭੦ | ਪੰ: ਸਿੰਧ ਬੈਂਕ | | |
| ਨਿਜੀ ਖਾਤੇ-ਦੇਣੇ | | ੫੦੦੧-੨੦ | ਹਾਲ ਬਜ਼ਾਰ | ੧੪੪੪੦-੪੧ | |
| | | | ਘੰਟਾ ਘਰ | ੧੨੫੯-੦੯ | ੧੫੬੯੯-੫੦ |
| | | | ਹੱਥ ਰੋਕੜ | | ੨੧੯-੯੫ |
| ਜੋੜ | | ੬੪੫੭੯-੨੦ | ਜੋੜ | | ੬੪੫੭੯-੨੦ |

| ਗੁਰਬਚਨ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
|---|---|---|---|
| ਦਸਖ਼ਤ ਕੈਸ਼ੀਅਰ/ਅਕਾਊਂਟੈਂਟ | ਮੈਨੇਜਰ | ਆਡੀਟਰ | ਜਥੇਦਾਰ |



www.AKJ.Org

# ਚਿੱਠਾ ਹਿਸਾਬ ਕਿਤਾਬ ਸੂਰਾ ਮਾਸਕ ਪੱਤਰ, ਅੰਮ੍ਰਿਤਸਰ

## ਲਾਭ ਤੇ ਹਾਣ ੧੯੭੮-੭੯

| | | | | |
|---|---|---|---|---|
| ਕਾਗਜ਼ | | | ਆਮਦਨ | |
| ਪਿਛਲੀ ਬਾਕੀ | ੨੩੮੯-੬੦ | | ਚੰਦੇ ਆਦਿ | ੪੮੮੮੦-੨੪ |
| ਖਰੀਦ | ੨੮੯੧੮-੪੦ | | ਸਹਾਇਤਾ | ੯੮੩੧-੮੮ |
| ,, | ੮੮੦੩-੫੫ | | ਵਿਕਰੀ ਟ੍ਰੈਕਟ | ੧੨੧੧੭-੧੬ |
| | ੪੦੧੧੧-੫੫ | | ਬੈਂਕ ਸੂਦ | ੩੦੬-੭੦ |
| ਬਕਾਇਆ | ੪੪੯੧-੩੯ | | ਸਟਾਕ ਬਾਕੀ (ਟ੍ਰੈਕਟ) | ੯੦੩੩-੭੫ |
| ਲਾਗਤ ਕਾਗਜ਼ ਸੂਰਾ ਤੇ ਟ੍ਰੈਕਟ | | ੩੫੬੨੦-੧੬ | | |
| ਛਪਾਈ ਤੇ ਬਾਈਡਿੰਗ ਸੂਰਾ | | ੧੧੩੦੨-੩੦ | | |
| ,, ,, ਟ੍ਰੈਕਟ | | ੭੩੪੬-੮੦ | | |
| ਡਾਕ ਖਰਚ | | ੧੧੭੬੦-੫੦ | | |
| ਤਨਖਾਹ | | ੩੮੦੦-੦੦ | | |
| ਫੁਟਕਲ ਸਟੇਸ਼ਨਰੀ ਆਦਿ | | ੮੧੩-੪੦ | | |
| ਬਲਾਕ | | ੧੭੭੬-੫੫ | | |
| ਪਿਛਲਾ ਸਟਾਕ (ਟ੍ਰੈਕਟ) | | ੨੭੨੦-੧੫ | | |
| | | ੭੫੧੩੯-੮੬ | | |
| ਖਰਚ ਤੋਂ ਆਮਦਨ ਦਾ ਵਾਧਾ | | ੫੦੨੯-੮੭ | | |
| ਜੋੜ | | ੮੦੧੬੯-੭੩ | ਜੋੜ | ੮੦੧੬੯-੭੩ |

## ਬੈਲੈਂਸ ਸ਼ੀਟ ੧੯੭੮-੭੯

| Labilities | | | Assets | | |
|---|---|---|---|---|---|
| ਸਰਮਾਇਆ | | | ਬਕਾਇਆ ਸਟਾਕ (ਟ੍ਰੈਕਟ) | | ੯੦੩੩-੭੫ |
| ਪਿਛਲੀ ਬਾਕੀ | ੧੬੧੮੭-੩੦ | | ਬਕਾਇਆ ਕਾਗਜ਼ | | ੪੪੯੧-੩੯ |
| ਸਾਲ ਦਾ ਵਾਧਾ | ੫੦੨੯-੮੭ | ੨੧੨੧੭-੧੭ | ਅਮਾਨਤੀ ਲਾਈਫ ਮੈਂਬਰ | | |
| ਅਮਾਨਤੀ ਲਾਈਫ ਮੈਂਬਰ | | | ਐਫ. ਡੀਆਂ ਬਣੀਆਂ | | ੬੦੯੦੦-੦੦ |
| ਆਈਆਂ ਰਕਮਾਂ | | ੬੦੭੭੪-੬੦ | ਅਮਾਨਤਾਂ | | ੧੦੭੦-੪੦ |
| ਨਿਜੀ ਖਾਤੇ—ਦੇਣੇ | | ੪੮੫੯-੩੦ | ਪੰ: ਸਿੰਧ ਬੈਂਕ | | |
| | | | ਹਾਲ ਬਜ਼ਾਰ | ੬੮੭੯-੪੩ | |
| | | | ਘੰਟਾ ਘਰ | ੩੫੮੯-੯੫ | ੧੦੪੬੯-੩੮ |
| | | | ਹੱਥ ਰੋਕੜ | | ੮੮੬-੧੫ |
| ਜੋੜ | | ੮੬੮੫੧-੦੭ | ਜੋੜ | | ੮੬੮੫੧-੦੭ |

| ਗੁਰਬਚਨ ਸਿੰਘ | ਸੇਵਾ ਸਿੰਘ | ਬਲਵੰਤ ਸਿੰਘ P.S.A.S. | ਰਾਮ ਸਿੰਘ |
|---|---|---|---|
| ਦਸਖ਼ਤ ਕੈਸ਼ੀਅਰ/ਅਕਾਊਂਟੈਂਟ | ਮੈਨੇਜਰ | ਆਡੀਟਰ | ਜਥੇਦਾਰ |



www.AKJ.org

# ਚਿੱਠਾ ਹਿਸਾਬ ਕਿਤਾਬ ਸੂਰਾ ਮਾਸਕ ਪੱਤਰ, ਅੰਮ੍ਰਿਤਸਰ

## ਲਾਭ ਤੇ ਹਾਣ ੧੯੭੯–੮੦

| | | | | |
|---|---|---|---|---|
| ਕਾਗਜ਼ | | | ਆਮਦਨ | |
| ਪਿਛਲੀ ਬਾਕੀ | ੪੪੯੧–੩੯ | | ਚੰਦੇ ਆਦਿ | ੩੯੪੪੩–੬੨ |
| ਖਰੀਦ | ੧੨੭੨੩–੭੫ | | ਸਹਾਇਤਾ | ੪੪੫੮–੯੧ |
| ,, | ੫੭੦੦–੮੬ | | ਵਿਕਰੀ ਟ੍ਰੈਕਟ | ੬੮੪੮–੪੦ |
| | ੨੨੯੧੬–੦੦ | | ਬੈਂਕ ਸੂਦ | ੪੧੮–੪੨ |
| ਬਕਾਇਆ | ੨੯੦੪–੫੬ | | ਸਟਾਕ ਬਾਕੀ (ਟ੍ਰੈਕਟ) | ੬੬੧੩–੪੫ |
| ਲਾਗਤ ਕਾਗਜ਼ ਸੂਰਾ ਤੇ ਟ੍ਰੈਕਟ | | ੨੦੦੧੧–੪੪ | | |
| ਛਪਾਈ ਤੇ ਬਾਈਡਿੰਗ ਸੂਰਾ | | ੯੨੧੭–੬੫ | | |
| ,, ,, ਟ੍ਰੈਕਟ | | ੭੯੮–੮੦ | | |
| ਡਾਕ ਖਰਚ | | ੧੦੯੧੨–੫੫ | | |
| ਤਨਖਾਹ | | ੪੮੦੦–੦੦ | | |
| ਬਲਾਕ | | ੨੧੭–੨੭ | | |
| ਫੁਟਕਲ ਸਟੇਸ਼ਨਰੀ ਆਦਿ | | ੮੨੫–੨੫ | | |
| ਪਿਛਲਾ ਸਟਾਕ (ਟ੍ਰੈਕਟ) | | ੯੦੩੩–੭੫ | | |
| | | ੫੫੮੧੬–੭੧ | | |
